ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥

ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।

# ਖ਼ਾਲਸਾ ਸਮਾਚਾਰ

# Khalsa Samachar

Rs. 5/-

ਸਪਤਾਹਿਕ/Weekly | ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ | Founded by Bhai Vir Singh in 1899 | www.bvsss.org

Issue 24, 17-23 June, 2021, Vol. 31

**Subscription in INR :** India Yearly 250/-, Life 2500/- | Abroad Yearly 2500/-, Life 25000/-

ਅੰਕ ੨੪, ੧੭-੨੩ ਜੂਨ ੨੦੨੧, ਜਿਲਦ ੩੧ | ੩-੯ ਹਾੜ ੨੦੭੮, ਨਾਨਕਸ਼ਾਹੀ ਸੰਮਤ ੫੫੩


## ਜਗਤ ਜਲੰਦੇ ਦੀ ਰਖਯਾ

❖ **ਭਾਈ ਸਾਹਿਬ ਭਾਈ ਵੀਰ ਸਿੰਘ**

ਦੁਨੀਆਂ ਦੀ ਚਾਲ ਉਹੀ ਹੈ ਜੋ ਸਾਰੇ ਜਾਨਦਾਰਾਂ ਦੀ ਹੈ; ਸ਼੍ਰੀਰਕ ਸੁਖਾਂ ਭੋਗਾਂ ਤੇ ਫਿਕਰਾਂ ਵਾਲੀ।

'ਮਾਣਸ ਕਉ ਪ੍ਰਭਿ ਦੀਈ ਵਡਿਆਈ'-ਇਸ ਪਾਸੇ ਰੁਖ਼ ਘੱਟ ਹੈ, ਤੇ ਕਿਸੇ ਕਿਸੇ ਦਾ ਹੈ ਬੀ ਤੇ ਕਿਸੇ ਕਿਸੇ ਦਾ ਚੋਖਾ ਹੈ। ਉਹ ਮਾਨੋਂ ਦੁਨੀਆਂ ਦੇ ਨੂਰ ਹਨ।

ਆਪ ਆਪਣੇ ਆਤਮਕ ਜੀਵਨ ਦੀ ਉੱਚਤਾ ਸੁੱਚਤਾ ਵੱਲ ਲੱਗੇ ਰਹੋ। ਬਾਕੀ ਜਿਤਨਾਂ ਵਿਤ ਹੋਵੇ ਥੋੜਾ ਬਹੁਤ ਜਤਨ ਹੁੰਦਾ ਰਹੇ, ਕਿਸੇ ਨੂੰ ਲਾਭ ਪੁਜ ਸਕੇ। ਪਰ ਦੁਨੀਆਂ ਨੂੰ ਦੇਖ ਕੇ ਆਪ ਢਹਿਣਾਂ ਨਹੀਂ ਚਾਹੀਏ। ਆਪ ਤਾਂ ਆਪ ਨੂੰ ਉੱਚਾ ਰਖੇ। ਬੱਦਲ ਤਾਂ ਹੀ ਖੇਤ ਹਰੇ ਕਰ ਸਕਦਾ ਹੈ ਜੇ ਉੱਚਾ ਹੋ ਵੱਸੇ। ਚਸ਼ਮਿਆਂ ਦੇ ਪਾਣੀ ਬੀ ਨਿਵਾਣ ਵਲ ਤਾਂ ਜਾਂਦੇ ਹਨ ਜੇ ਆਪ ਉਚੇਰੇ ਥਾਂਓਂ ਟੁਰਦੇ ਹਨ।

ਜਗਤ ਰਖਿਆ ਦਾ ਖਿਆਲ ਮਾੜਾ ਨਹੀਂ ਹੈ, ਪਰ ਜਗਤ ਜਲੰਦਾ ਦੇਖ ਕੇ ਕਰੀਦਾ ਬੀ ਕੁੱਛ ਹੈ:-

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥**

(ਵਾਰ ਬਿਲਾਵਲ ਮਹਲਾ ੩-੧੦, ਅੰਗ ੮੫੩)



ਪਰ ਆਪ ਉਸ ਰੱਖਣ ਵਾਲੇ ਨਾਲ ਸੁਰਤ ਜੋੜ ਕੇ ਰੱਖਣੀ ਚਾਹੀਏ। ਇਹੋ ਅਰਦਾਸ ਤੇ ਇਹੋ ਜਤਨ ਰਹੇ।

ਦੁਨੀਆਂ ਵਿਚ ਪਾਪ ਪ੍ਰਧਾਨ ਦੇਖ ਕੇ ਨੱਠ ਜਾਣਾ ਯਾ ਇਕਾਂਤ ਭਾਲਣੀ, ਇਹ ਤਰੀਕਾ ਪੁਰਾਤਨ ਹੈਸੀ, ਪਰ ਗੁਰੂ ਜੀ ਨੇ ਵਿਚੇ ਰਹਿ ਕੇ ਸੁੱਚੇ ਉੱਚੇ ਰਹਿਣਾ ਤੇ ਭਲਾ ਕਰਨਾ ਸਿਖਾਇਆ ਸੀ।

ਇਹ ਦੋਇ ਗੱਲਾਂ ਕਠਨ ਤਾਂ ਹਨ, ਪਰ ਕੀਮਤੀ ਸ਼ੈ ਕਠਨ ਹੀ ਹੁੰਦੀ ਹੈ। ਸੋ ਗੁਰੂ ਦੀ ਟੇਕ ਧਾਰ ਕੇ ਲੱਗੇ ਰਹਿਣ ਨਾਲ ਗੁਰੂ ਸਹਾਇਤਾ ਕਰਦਾ ਹੈ।

### ਪ੍ਰਯਤਨ ਮੁੱਖ ਹੈ

ਆਪ ਜੀ ਜੋ ਕੁਛ ਭਜਨ ਸਿਮਰਨ ਵਾਲੇ ਪਾਸੇ ਕਰ ਰਹੇ ਹੋ ਇਹ ਮਿਹਰ ਹੈ। ਪ੍ਰਯਤਨ ਯਾ ਕੋਸ਼ਸ਼ ਹੀ ਮੂਲ ਵਸਤੂ ਹੈ, ਇਨਸਾਨ ਇਸੇ ਤਰ੍ਹਾਂ ਦੀਨ ਦੁਨੀ ਵਿਚ ਕਾਮਯਾਬ ਹੁੰਦਾ ਹੈ।

ਦੁਨੀਆਂ ਦੇ ਹਾਲਾਤ ਤੇ ਵਾਪਰਦੇ ਮਾਮਲੇ ਹਰੇਕ ਨੂੰ ਆਪੋ ਆਪਣੀ ਥਾਂਵੇਂ ਉਸ ਜੀਵਨ ਵਲੋਂ discourage ਕਰਨ (ਰੋਕ

ਅੰਦਰ............


- ☐ ਸੱਤਿਆਜੀਤ ਰੇਅ: ਇੱਕ ਪ੍ਰਤਿਭਾਸ਼ੀਲ ਵਿਚਾਰਧਾਰਾ 3
- ☐ ਸੰਤ ਬਿਮਲਾ ਸਿੰਘ: ਗਈ ਬਹੋੜ 5
- ☐ Guru Tegh Bahadur: Protector of Human Rights 7
- ☐ ਰਿਪੋਰਟ : ਭਾਈ ਵੀਰ ਸਿੰਘ ਦਾ ਸਚਖੰਡ ਪਿਆਨਾ ਦਿਵਸ 10
- ☐ ਸ਼ਬਦ ਵਿਆਖਿਆ 11
- ☐ ਝਲਕੀਆਂ : ਸਚਖੰਡ ਪਿਆਨਾ ਦਿਵਸ, 2021 12

ਪਾਣੇ) ਵਾਲੇ ਹੁੰਦੇ ਹਨ। ਬਾਵਜੂਦ ਇਨ੍ਹਾਂ ਰੋਕਾਂ ਦੇ ਲਗੇ ਰਹਿਣਾ ਤੇ ਜਤਨ ਕਰਦੇ ਚੱਲਣਾਂ ਹੀ ਜੀਵਨ ਹੈ।

ਹੁਣ ਤਾਂ ਸਾਂਇੰਸ ਵਾਲੇ ਵੱਡੇ ਦਾਨੇ— ਉੱਚੀ ਸੁੱਚੀ ਜ਼ਮੀਰ ਵਾਲੇ ਪਾਸੇ ਪਰਤ ਕੇ ਆਸਤਕ ਭਾਵਨਾਂ ਵੱਲ ਮੋੜੇ ਖਾ ਰਹੇ ਹਨ। ਰੱਬ ਜੀ ਦਾ ਬੀ ਇਕਰਾਰ ਕਰਨ ਲਗ ਪਏ ਹਨ, ਉਹ ਵੀ ਲਿਖਦੇ ਹਨ ਕਿ conscience (ਜ਼ਮੀਰ) ਅਨੁਸਾਰ ਜੀਵਨ ਨੂੰ ਉੱਚਾ ਤੇ ਆਰਾਮ ਵਾਲਾ ਬਨਾਣ ਵਿਚ 'ਪ੍ਰਯਤਨ' ਮੁੱਖ ਹੈ। ਸਾਡੇ ਵਡੇ ਤਾਂ ਕਹਿੰਦੇ ਆਏ ਹਨ-

ਲਗਾ ਰਹੇ ਤਾਂ ਲਗਾ ਰਹੁ, ਹਰਦਮ ਕਦੀ ਨ ਡੋਲ।
ਲਗਾ ਰਹੇਂ ਤਾਂ ਲਾਖ ਕਾ, ਹਟੇਂ ਤਾਂ ਕੌਡੀ ਮੋਲ।

ਵਾਹਿਗੁਰੂ ਆਪ ਦਾ ਸਹਾਈ ਰਹੇ, ਤੇ ਮੇਰੀ ਅਰਦਾਸ ਹੈ- ਕਿ ਨਾਮ ਦੀ ਦਾਤ ਸਤਿਗੁਰੂ ਦੇ ਦਰੋਂ ਦੂਣ ਸਵਾਈ ਹੋ ਕੇ ਮਿਲਦੀ ਰਹੇ।

## ਸਾਰੇ ਫਲ ਨਾਮ ਨੂੰ ਲਗਦੇ ਹਨ

ਧੰਨ ਵਾਹਿਗੁਰੂ ਜੀ ਹਨ ਜੋ ਰੁਝੇਵਿਆਂ ਵਿਚ ਬੀ ਆਪਣਿਆਂ ਨੂੰ ਨਾਮ ਦੇ ਲੜ ਲਾਈ ਰਖਦੇ ਹਨ-

**ਤੂ ਚਿਤਿ ਆਵਹਿ ਤੇਰੀ ਮਇਆ॥**

(ਆਸਾ ਮਹਲਾ ੫-੭੭, ਅੰਗ ੩੮੯)

ਸਾਰੇ ਫਲ ਨਾਮ ਨੂੰ ਲਗਦੇ ਹਨ। ਪੁਰਾਣੇ ਸਮੇਂ ਯੋਗ ਕਰਦੇ ਸਨ। ਕਲਿ (ਕਲਯੁਗ) ਵਿਚ ਨਾਮ ਪ੍ਰਧਾਨ ਹੈ। ਨਾਮ ਆਦਿ ਹੈ, ਨਾਮ ਅੰਤ ਹੈ। ਨਾਮ 'ਨਾਮੀ' ਵਿਚ ਜੋੜ ਦਿੰਦਾ ਹੈ।

**ਨਾਮ ਤੁਲਿ ਕਛੁ ਅਵਰੁ ਨ ਹੋਇ॥**

(ਸੁਖ: ੨-੮, ਅੰਗ ੨੬੫)

ਗੁਰੂ ਅੰਗ ਸੰਗ ਰਹੇ, ਬਾਂਹ ਫੜੀ ਰਖੇ ਤੇ ਨਾਮ ਨਾਲ ਆਪ ਦੇ ਮਨ ਦੀ ਸੇਧ ਸਾਂਈਂ ਵਲ ਲੱਗੀ ਰਹੇ। ਪਕਦੀ ਰਹੇ ਤੇ ਪੱਕੀ ਹੋ ਜਾਵੇ, ਜਿਵੇਂ ਕੁਤਬਨੁਮਾ ਦੀ ਸੂਈ ਕਿਸੇ ਤਰ੍ਹਾਂ ਭਵਾਓ, ਉੱਤਰ ਨੂੰ ਹੀ ਆਪਣੀ ਸੇਧ ਕਰ ਲੈਂਦੀ ਹੈ।

## ਨਾਮ ਰਸ ਤੇ ਆਨ ਰਸ

ਨਾਮ ਰਸ ਆਇਆਂ ਆਨ ਰਸਾਂ ਤੋਂ ਉਪਰਾਮਤਾ ਸੁਤੇ ਹੀ ਹੁੰਦੀ ਹੈ।

**ਰਾਮ ਰਸੁ ਪੀਆ ਰੇ॥**
**ਜਿਹ ਰਸ ਬਿਸਰਿ ਗਏ ਰਸ ਅਉਰ॥**

(ਗਉੜੀ ਕਬੀਰ ਜੀ-੬੪, ਅੰਗ ੩੩੭)

ਫੇਰ ਦੁਨੀਆਂ ਛੱਡ ਜਾਣ ਨੂੰ ਵੀ ਜੀ ਕਰ ਆਉਂਦਾ ਹੈ। ਪਰ ਹੁਕਮ ਹੈ-

**ਵਿਚੇ ਗ੍ਰਿਹ ਸਦਾ ਰਹੈ ਉਦਾਸੀ**
**ਜਿਉ ਕਮਲੁ ਰਹੈ ਵਿਚਿ ਪਾਣੀ ਹੇ॥**

(ਮਾਰੂ ਮਹਲਾ ੪ ਸੋਹਲਾ ੨-੧੦, ਅੰਗ ੧੦੭੦-੭੧)

ਇਹ ਵੀ ਫੁਰਮਾਇਆ ਹੈ-

**ਛੋਡਿ ਬਹੈ ਤਉ ਛੂਟੈ ਨਾਹੀ॥**
**ਜਉ ਸੰਚੈ ਤਉ ਭਉ ਮਨ ਮਾਹੀ॥**
**ਇਸ ਹੀ ਮਹਿ ਜਿਸ ਕੀ ਪਤਿ ਰਾਖੈ**
**ਤਿਸੁ ਸਾਧੂ ਚਉਰੁ ਢਾਲੀਐ॥**

(ਮਾਰੂ ਮਹਲਾ ੫ ਅੰਜੁਲੀ ੧-੬, ਅੰਗ ੧੦੧੯)

## ਸਫ਼ਲਤਾ ਦੀ ਖ਼ੁਸ਼ੀ

ਆਪ ਜੀ ਦਾ ਜਨਮ ਦਿਨ ਉਸ ਦਿਨ (21 ਜਨਵਰੀ) ਸੀ, ਵਾਚ ਕੇ ਖ਼ੁਸ਼ੀ ਹੋਈ। ਹਰ ਛਿਨ ਜਦ ਸਫ਼ਲਤਾ ਵੱਲ ਰੁਖ਼ ਕਰਦੀ ਹੈ ਤਾਂ 'ਨਾਮ' ਹਰ ਛਿਨ ਨੂੰ ਪਰੋ ਕੇ ਲੰਘਦਾ ਹੈ। ਇਹ ਖ਼ੁਸ਼ੀ ਜਨਮ ਦਿਨ ਵਰਗੀ ਹੈ, ਕਿਉਂਕਿ ਸਫ਼ਲਤਾ ਦੀ ਖ਼ੁਸ਼ੀ ਹੈ।

## ਸ਼ਬਦ ਬ੍ਰਹਮ

ਸ਼ਬਦ ਬੜੀ ਤਾਕਤਵਰ ਵਸਤੂ ਹੈ, ਇਥੋਂ ਤਾਂਈਂ ਕਿ ਪ੍ਰੇਮੀ ਵਾਹਿਗੁਰੂ ਜੀ ਨੂੰ ਕਈ ਵੇਰ 'ਸ਼ਬਦ ਬ੍ਰਹਮ' ਆਖਦੇ ਹਨ। ਸਾਂਈਂ ਦਾ ਹੀ ਸ਼ਬਦ ਹੈ, ਜੋ ਸਾਂਈਂ ਨਾਲ ਜੋੜ ਦਿੰਦਾ ਹੈ।

ਗੁਰਬਾਣੀ ਦੇ ਮਗਰ ਲੱਗੇ ਰਹੋ, ਤੇ ਉਸਦੀ ਬਖ਼ਸ਼ੀ ਰੌਸ਼ਨੀ ਵਿਚ ਨਾਮ ਨੂੰ ਸਦਾ ਪਾਈ ਰਖੋ ਤਾਂ ਜੋ ਨਾਮ ਦ੍ਰਿੜ੍ਹ ਹੋ ਜਾਏ।

ਪਵਿਤ੍ਰ ਵਾਕ ਹੈ-

**ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ॥**
**ਬਿਨੁ ਨਾਵੈ ਜੀਵਣੁ ਨਾ ਥੀਐ ਮੇਰੇ ਸਤਿਗੁਰ ਨਾਮੁ ਦ੍ਰਿੜਾਇ॥**

(ਸਿਰੀ ਰਾਗੁ ਮਹਲਾ ੪-੬੬, ਅੰਗ ੪੦)

ਨਾਮ ਦ੍ਰਿੜ ਹੋ ਗਿਆ ਤਾਂ ਕਾਰਜ ਹੋ ਗਿਆ:-

**ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ॥**

(ਸਲੋਕ ਮਹਲਾ ੯-੪੩, ਅੰਗ ੧੪੨੮)

ਐਸੇ ਵਾਕ ਹਨ- ਨਾਮ ਦੀ ਦ੍ਰਿੜਤਾ ਹੋ ਗਿਆਂ ਲਈ।

## ਸ਼ੁਕਰ ਹੀ ਸ਼ੁਕਰ ਬੰਦਿਆਂ ਦੀ ਅਰਦਾਸ

ਆਪ ਦਾ ਛੁੱਟੀ ਲੈਣ ਦੇ ਬਾਵਜੂਦ ਕਿਸੇ ਹੋਰ ਉੱਚੇ ਕੰਮ ਤੇ ਲਾਇਆ ਜਾਣਾਂ ਵਾਹਿਗੁਰੂ ਜੀ ਦੇ ਹੁਕਮ ਵਿਚ ਜੋ ਹੋਇਆ ਸੋਹਣਾ ਹੈ, ਤੇ ਸ਼ੁਕਰ ਕਰਨਾ ਚਾਹੀਦਾ ਹੈ। ਉਹ ਜੋ ਕੁਛ ਕਰਦਾ ਹੈ ਭਲੇ ਲਈ ਕਰਦਾ ਹੈ। ਸਾਨੂੰ ਸ਼ੁਕਰ ਲੋੜੀਏ।

ਨਾਮ ਦਾ ਪ੍ਰਵਾਹ ਸੁਖਦਾਈ ਟੁਰ ਪਿਆ ਹੈ, ਇਹ ਉਸ ਤੋਂ ਵੀ ਵੱਡੀ ਮੇਹਰ ਹੈ। ਸ਼ੁਕਰ ਹੀ ਸ਼ੁਕਰ ਸਾਡੀ ਬੰਦਿਆਂ ਦੀ ਅਰਦਾਸ ਹੋਵੇ।

**ਹਮ ਕਿਆ ਗੁਣ ਤੇਰੇ ਵਿਥਰਹ ਸੁਆਮੀ**
**ਤੂੰ ਅਪਰ ਅਪਾਰੋ ਰਾਮ ਰਾਜੇ॥**
**ਹਰਿ ਨਾਮੁ ਸਾਲਾਹਹ ਦਿਨੁ ਰਾਤਿ ਏਹਾ ਆਸ ਆਧਾਰੋ॥**

(ਆਸਾ ਮਹਲਾ ੪, ਛੰਤ ੧੦, ਅੰਗ ੪੫੦)

**- ਗੁਰਮੁਖ ਸਿੱਖਿਆ**


(ਪੱਤ੍ਰ ਸੰਖੇਪ, ਭਾਗ ਪਹਿਲਾ)

# ਸੱਤਿਆਜੀਤ ਰੇਅ
# ਇੱਕ ਪ੍ਰਤਿਭਾਸ਼ੀਲ ਵਿਚਾਰਧਾਰਾ

❖ ਰਿਪਨਜੋਤ ਕੌਰ ਸੋਨੀ ਬੱਗਾ

ਤੁਸੀਂ ਕਿਸੇ ਵੀ ਬੰਗਾਲੀ ਨਾਲ ਗੱਲ ਕਰ ਲਵੋ ਉਹਨਾਂ ਦੀ ਜ਼ੁਬਾਨ ਤੇ ਦੋ ਨਾਂਅ ਆਉਣਗੇ ਹੀ ਆਉਣਗੇ, ਗੁਰੂਦੇਵ ਰਬਿੰਦਰਨਾਥ ਟੈਗੋਰ ਅਤੇ ਸੱਤਿਆਜੀਤ ਰੇਅ। ਇਕੋ ਮਹੀਨੇ ਦੇ ਜੰਮਪਲ ਬੰਗਾਲ ਦੇ ਦੋ ਧਰੂ ਤਾਰੇ ਜਿਨ੍ਹਾਂ ਦੀਆਂ ਲਿਖਤਾਂ ਅਤੇ ਫਿਲਮਾਂ ਨੇ ਬੰਗਾਲੀਆਂ ਉਤੇ ਉਹਨਾਂ ਦੇ ਸੱਭਿਆਚਾਰ, ਕਲਾ, ਭਾਸ਼ਾ, ਸਮਾਜਿਕ, ਰਾਜਨੀਤਿਕ, ਬੌਧਿਕ ਪਖੋਂ ਅਸਰ ਕੀਤਾ ਅਤੇ ਉਹਨਾਂ ਨੂੰ ਇਕ ਅਲੱਗ ਪਹਿਚਾਣ ਦਿੱਤੀ। 2 ਮਈ ਦਾ ਚੋਣਾਂ ਦਾ ਰਿਜ਼ਲਟ ਦੱਸ ਰਿਹਾ ਹੈ ਕਿ ਬੰਗਾਲੀ ਅਜੇ ਵੀ ਆਪਣੇ ਨਾਇਕਾਂ, ਲਿਖਾਰੀਆਂ, ਬੁੱਧੀਜੀਵੀਆਂ, ਫ਼ਿਲਮਸਾਜ਼ਾਂ ਦੀ ਕਹਿਣੀ ਮੰਨਦੇ ਹਨ।

2 ਮਈ 1921 ਨੂੰ ਕਲਕੱਤੇ ਦੇ ਰੱਜੇ ਪੁੱਜੇ ਅਤੇ ਬੰਗਾਲੀ ਸਭਿਆਚਾਰ ਕਲਾ ਦੇ ਪ੍ਰੇਮੀ ਪਰਿਵਾਰ ਵਿਚ ਬੰਗਾਲ ਦੇ ਹੀ ਨਹੀਂ, 20 ਵੀਂ ਸਦੀ ਦੇ ਮਸ਼ਹੂਰ ਭਾਰਤੀ ਫਿਲਮਸਾਜ਼, ਫਿਲਮ ਨਿਰਦੇਸ਼ਕ, ਸਕਰੀਨ ਰਾਈਟਰ, ਮਿਊਜ਼ਿਕ ਕੰਪੋਜ਼ਰ, ਗ੍ਰਾਫਿਕ ਆਰਟਿਸਟ, ਸੰਪਾਦਕ, ਪ੍ਰਕਾਸ਼ਕ, ਚਿੱਤਰਕਾਰ, ਫ਼ਿਲਮ ਆਲੋਚਕ ਅਤੇ ਲੇਖਕ ਸਤਿਆਜੀਤ ਰੇਅ ਨੇ ਜਨਮ ਲਿਆ। ਇਹਨਾਂ ਦੇ ਪਿਤਾ ਜੀ ਦਾ ਨਾਮ ਸੁ ਕੁਮਾਰ ਰੇਅ ਸੀ, ਅਤੇ ਅੱਗੋਂ ਇਹਨਾਂ ਦਾ ਇੱਕ ਪੁੱਤਰ ਸੰਦੀਪ ਰੇਅ ਹੈ। ਸਤਿਆਜੀਤ ਰੇਅ ਨੂੰ ਆਪਣੀਆਂ ਦੱਸ ਪੀੜ੍ਹੀਆਂ ਦੀ ਜਾਣਕਾਰੀ ਸੀ। ਇਹਨਾਂ ਦੇ ਦਾਦਾ ਜੀ ਸ੍ਰੀ ਉਪਿੰਦਰ ਕਿਸ਼ੋਰ ਰਾਏ ਚੌਧਰੀ ਆਪਣੇ ਜ਼ਮਾਨੇ ਦੇ ਮਸ਼ਹੂਰ ਲੇਖਕ, ਚਿੱਤਰਕਾਰ, ਦਾਰਸ਼ਨਿਕ, ਪ੍ਰਕਾਸ਼ਕ ਅਤੇ ਖਗੋਲ ਵਿਗਿਆਨੀ ਸਨ। ਉਹ ਬ੍ਰਹਮੋ ਸਮਾਜ ਦੇ ਨੇਤਾ ਵੀ ਸਨ। ਸਤਿਆਜੀਤ ਤਿੰਨ ਸਾਲ ਦੇ ਸਨ ਜਦੋਂ ਉਨ੍ਹਾਂ ਦੇ ਪਿਤਾ ਅਕਾਲ ਚਲਾਣਾ ਕਰ ਗਏ, ਮਾਤਾ ਦੀ ਮਾਮੂਲੀ ਤਨਖਾਹ ਤੇ ਘਰ ਦਾ ਗੁਜ਼ਾਰਾ ਹੁੰਦਾ ਸੀ। ਕਲਕੱਤਾ ਦੇ ਪ੍ਰੈਜ਼ੀਡੈਂਸੀ ਕਾਲਜ ਵਿੱਚ ਪੜ੍ਹਾਈ ਕਰਨ ਉਪਰੰਤ ਗੁਰਦੇਵ ਸ੍ਰੀ ਰਵਿੰਦਰ ਨਾਥ ਟੈਗੋਰ ਦੇ ਸ਼ਾਂਤੀ ਨਿਕੇਤਨ ਵਿਖੇ ਵੀ ਪੜ੍ਹਾਈ ਕੀਤੀ, ਉਥੇ ਇਹਨਾਂ ਦਾ ਮਿਲਾਪ ਮਸ਼ਹੂਰ ਚਿੱਤਰਕਾਰ ਨੰਦ ਲਾਲ ਬੋਸ ਅਤੇ ਵਿਨੋਦ ਬਿਹਾਰੀ ਮੁਖਰਜੀ ਨਾਲ ਹੋਇਆ। ਮੁਖਰਜੀ ਦੇ ਜੀਵਨ ਤੇ ਇਹਨਾਂ ਨੇ ਇੱਕ ਚਲਚਿਤ੍ਰ,



**ਦ ਇਨਰ ਆਈ** ਵੀ ਬਣਾਇਆ। ਆਪਣਾ ਕੈਰੀਅਰ ਇਕ ਕਮਰਸ਼ੀਅਲ ਆਰਟਿਸਟ ਵਜੋਂ ਸ਼ੁਰੂ ਕਰਨ ਵਾਲੇ ਸੱਤਿਆਜੀਤ ਰੇਅ 1948 ਵਿੱਚ ਲੰਡਨ ਵਿਖੇ ਵਿਕਟੋਰੀਓ ਡੀ ਸਿਵਾ ਦੀ ਇਤਾਲਵੀ ਫਿਲਮ 'ਬਾਇਸਾਇਕਲ ਥੀਵਸ' ਦੇਖਣ ਤੋਂ ਬਾਅਦ ਅਤੇ ਫਰੈਂਚ ਫਿਲਮਸਾਜ਼, ਜੀਨ ਰੀਨੌਰ ਨੂੰ ਮਿਲਣ ਤੋਂ ਬਾਅਦ ਆਪਣੀਆਂ ਫ਼ਿਲਮਾਂ ਬਣਾਉਣ ਵੱਲ ਕਦਮ ਪੁੱਟਿਆ। 2004 ਵਿੱਚ ਬੀਬੀਸੀ ਵਲੋਂ ਥਾਪੇ ਗਏ ਮਹਾਨ ਬੰਗਾਲੀ ਸਤਿਆਜੀਤ ਰੇਅ ਨੇ 36 ਫ਼ਿਲਮਾਂ ਦਾ ਨਿਰਦੇਸ਼ਨ ਕੀਤਾ ਹੈ, ਜਿਸ ਵਿਚ ਡਾਕੂਮੈਂਟਰੀ ਅਤੇ ਲਘੂ ਫਿਲਮਾਂ ਵੀ ਆਉਂਦੀਆਂ ਹਨ। ਸੱਤਿਆਜੀਤ ਰੇ ਦੀਆਂ ਫਿਲਮਾਂ ਭਾਵੇਂ ਆਮ ਤੌਰ ਤੇ ਬੰਗਾਲ ਦੇ ਇਲਾਕੇ ਦੇ ਸਮਾਜਿਕ ਤਾਣੇ-ਬਾਣੇ ਨੂੰ ਬਿਆਨ ਕਰਦੀਆਂ ਹਨ ਪਰ ਇਹਨਾਂ ਫ਼ਿਲਮਾਂ ਦਾ ਸੰਦੇਸ਼ ਸਾਰੀ ਦੁਨੀਆਂ ਦੀਆਂ ਹੱਦਾਂ ਬੰਨੇ ਤੋੜਕੇ ਸਭ ਵਾਸਤੇ ਇੱਕ ਹੀ ਹੁੰਦਾ ਹੈ। ਸਤਿਆਜੀਤ ਰੇਅ ਨੇ ਸੱਤ ਫ਼ਿਲਮਾਂ ਵਿਚ ਜਿਥੇ ਔਰਤਾਂ ਨੂੰ ਮੁੱਖ ਪਾਤਰ ਬਣਾ ਕੇ ਉਨ੍ਹਾਂ ਦੀ ਹਮਾਇਤ ਵੀ ਕੀਤੀ ਹੈ, ਉਹਨਾਂ ਨੂੰ ਮਰਦ ਦੇ ਬਰਾਬਰ ਲਿਆ ਖੜਾ ਕੀਤਾ ਹੈ। ਔਰਤਾਂ ਵੱਲੋਂ ਜ਼ਿੰਦਗੀ ਦੀਆਂ ਮੁਸ਼ਕਲਾਂ ਦੁਸ਼ਵਾਰੀਆਂ ਨੂੰ ਹਿੰਮਤ ਨਾਲ ਨਜਿੱਠਣ ਦੀ ਆਦਤ ਨੂੰ ਦਰਸਾਉਂਦੀਆਂ ਹਨ ਇਹ ਫਿਲਮਾਂ।




**ਸਤਿਆਜੀਤ ਰੇਅ ਅਤੇ ਉਹਨਾਂ ਦੀ ਪਹਿਲੀ ਫਿਲਮ ਪਾਥੇਰ ਪੰਚਾਲੀ ਦੇ ਸਨਮਾਨ 'ਚ ਜਾਰੀ ਡਾਕ ਟਿਕਟ।**

ਇਹਨਾਂ ਦੀ ਪਹਿਲੀ ਪਿਕਚਰ **ਪਾਥੇਰ ਪੰਚਾਲੀ** (1955) ਨੂੰ 11 ਅੰਤਰਰਾਸ਼ਟਰੀ ਪੁਰਸਕਾਰ ਮਿਲੇ ਸਨ। ਕਿਹਾ ਜਾਂਦਾ ਹੈ ਕਿ **ਪਾਥੇਰ ਪੰਚਾਲੀ** ਨੂੰ ਪੂਰਾ ਕਰਨ ਲਈ ਸਤਿਆਜੀਤ ਰੇਅ ਨੇ ਆਪਣੀਆਂ ਕਿਤਾਬਾਂ ਅਤੇ ਪੁਰਾਣੇ ਰਿਕਾਰਡ ਵੇਚੇ ਸਨ ਜਦ ਕਿ ਉਹਨਾਂ ਦੀ ਪਤਨੀ ਸ੍ਰੀਮਤੀ ਬਿਜੋਇਆ ਰੇਅ ਜਿਨ੍ਹਾਂ ਨੂੰ ਕਿ ਰਾਬਿੰਦਰ ਸੰਗੀਤ ਵਿਚ ਮੁਹਾਰਤ ਹਾਸਿਲ ਸੀ, ਨੇ ਆਪਣੇ ਗਹਿਣੇ ਵੇਚ ਦਿੱਤੇ ਸਨ। 2012, ਬਿਜੋਇਆ ਰੇਅ ਨੇ ਆਪਣੇ ਅਤੇ ਸੱਤਿਆਜੀਤ ਰੇਅ ਬਾਰੇ ਇਕ ਕਿਤਾਬ ਲਿਖੀ ਸੀ, ਜਿਸ ਦਾ ਨਾਮ ਸੀ, **ਮਾਨਿਕ ਐਂਡ ਆਈ ਮਾਈ ਲਾਈਫ ਵਿੱਦ ਸਤਿਆਜੀਤ ਰੇਅ**। ਕੇਨਜ਼ ਫਿਲਮ ਉਤਸਵ ਵਿਖੇ **ਪਾਥੇਰ ਪੰਚਾਲੀ** ਫਿਲਮ ਨੂੰ ਬੈਸਟ ਹਿਊਮਨ ਡਾਕੂਮੈਂਟਰੀ ਐਵਾਰਡ (1956) ਵੀ ਮਿਲਿਆ। ਸੱਤਿਆਜੀਤ ਰੇਅ ਆਪਣੀਆਂ ਪਿਕਚਰਾਂ ਦੀ ਸਕ੍ਰਿਪਟ ਆਪ ਹੀ ਲਿਖਦੇ ਸਨ। ਸੱਤਿਆਜੀਤ ਰੇਅ ਦੀਆਂ ਤਿੰਨ ਮਸ਼ਹੂਰ ਫਿਲਮਾਂ **ਪਾਥੇਰ ਪੰਚਾਲੀ, ਅਪਰਾਜਿਤਾ, ਆਪੂਰ ਸੰਸਾਰ** ਤਿਕੜੀ ਨੇ ਫਿਲਮ ਜਗਤ ਵਿੱਚ ਧੌਂਸ ਜਮਾਈ ਸੀ। ਇਸ ਤੋਂ ਇਲਾਵਾ ਕਈ ਹੋਰ ਮਸ਼ਹੂਰ ਬੰਗਾਲੀ ਫ਼ਿਲਮਾਂ ਸਨ ਜਿਵੇਂ ਕਿ **ਚਾਰੂਲਤਾ** (1964), **ਜਲਸਾਘਰ** (1958), **ਦੇਵੀ** (1960), **ਤੀਨ ਕੰਨਿਆਂ** (1961) **ਮਹਾਂਨਗਰ** (1963) **ਸਖਾਪਰਾਸਖਾ, ਆਗਾਂਤੁਕ, ਜਨਸ਼ਤਰੂ, ਸੀਮਾਬੱਧ, ਆਰੱਨਿਆ, ਦਿਨ ਰਾਤਰੀ**; ਹਿੰਦੀ ਫਿਲਮਾਂ-**ਸੁਜਾਤਾ, ਬੰਧਿਨੀ**, ਤੇ **ਸ਼ਤਰੰਜ** ਕੇ ਖਿਲਾੜੀ ਇਹਨਾਂ ਦੀ ਨਿਰਦੇਸ਼ਨਾ ਹੇਠ ਬਣੀ ਸੀ। ਨੂਤਨ, ਸ਼ਰਮੀਲਾ ਟੈਗੋਰ ਅਤੇ ਉਸ ਸਮੇਂ ਦੀਆਂ ਮਸ਼ਹੂਰ ਬੰਗਾਲੀ ਅਭਿਨੇਤਰੀਆਂ ਨੇ ਵੀ ਇਨ੍ਹਾਂ ਦੀਆਂ ਕਾਫੀ ਫਿਲਮਾਂ ਵਿਚ ਕੰਮ ਕੀਤਾ। ਇਸ ਤੋਂ ਇਲਾਵਾ ਆਪਣੀਆਂ ਫ਼ਿਲਮਾਂ ਦੀ ਕਾਸਟਿੰਗ, ਸਕੋਰਿੰਗ, ਮਸ਼ਹੂਰੀ, ਐਡੀਟਿੰਗ ਅਤੇ ਟਾਈਟਲ ਦੀ ਡੀਜ਼ਾਈਨਿੰਗ ਸਭ ਕੁਝ ਆਪ ਹੀ ਕਰਦੇ ਸਨ।

ਸੱਤਿਆਜੀਤ ਰੇਅ ਨੂੰ 32 ਵਾਰੀ ਨੈਸ਼ਨਲ ਫ਼ਿਲਮ ਐਵਾਰਡ ਮਿਲਿਆ, ਇਕ ਵਾਰੀ Goldenlion, Golden bear, Silver bears, ਅਤੇ ਹੋਰ ਬਹੁਤ ਸਾਰੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੁਰਸਕਾਰ ਮਿਲੇ ਸਨ। ਭਾਰਤ ਸਰਕਾਰ ਵੱਲੋਂ 1992 ਵਿੱਚ ਰੇਅ ਨੂੰ **ਭਾਰਤ ਰਤਨ** ਨਾਲ ਨਿਵਾਜ਼ਿਆ ਗਿਆ ਸੀ। 1984 ਵਿੱਚ ਦਾਦਾ ਸਾਹਿਬ ਫਾਲਕੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਅਕੀਰਾ ਕੁਰੋਸਾਵਾ, ਜੀਨ ਰੀਨੋਆਰ, ਮਾਰਟਿਨ ਸਕਰੌਸਿਸ, ਫਰਾਂਸੀਸ ਫੋਰਡ ਕੁਪੱਲਾ, ਵੈਂਸ ਐਂਡਰਸਨ, ਆਹਟ ਦੁਨੀਆ ਦੇ ਮਸ਼ਹੂਰ ਫਿਲਮ ਨਿਰਦੇਸ਼ਕਾਂ ਦੇ ਨਾਮ ਹਨ ਜੋ ਕਿ ਸੱਤਿਆਜੀਤ ਰੇਅ ਨੂੰ ਆਪਣਾ ਆਦਰਸ਼ ਅਤੇ ਮਾਰਗ ਦਰਸ਼ਕ ਮੰਨਦੇ ਹਨ। ਸੰਦੀਪ ਰੇਅ ਅਨੁਸਾਰ ਉਹਨਾਂ ਦੇ ਪਿਤਾ ਜੀ ਬੜੇ ਨਿਮਰ ਤੇ ਸ਼ਾਂਤ ਸੁਭਾਅ ਦੇ ਮਾਲਕ ਸਨ, ਜੋ ਆਪਣੇ ਨਾਲ ਕੰਮ ਕਰਦੇ ਬੰਦਿਆਂ ਦਾ ਬਹੁਤ ਖਿਆਲ ਵੀ ਰੱਖਦੇ ਸਨ, ਉਹ ਲਗਾਤਾਰ ਫ਼ਿਲਮਾਂ ਇਸ ਲਈ ਬਣਾਉਂਦੇ ਸਨ ਕਿ ਉਨ੍ਹਾਂ ਦੇ ਬੰਦਿਆਂ ਨੂੰ ਲਗਾਤਾਰ ਕੰਮ ਅਤੇ ਤਨਖਾਹ ਮਿਲਦੀ ਰਹੇ। 23 ਅਪ੍ਰੈਲ 1992 ਨੂੰ ਇਹਨਾਂ ਦਾ ਦੇਹਾਂਤ ਹੋ ਗਿਆ।


ਆਓ ਅੱਜ ਅਸੀਂ ਸੱਤਿਆਜੀਤ ਰੇਅ ਦੀ ਸੌ ਸਾਲਾ ਜਨਮ-ਸ਼ਤਾਬਦੀ ਦੇ ਮੌਕੇ ਪਾਠਕਾਂ ਦੇ ਰੂਬਰੂ ਉਹਨਾਂ ਵੱਲੋਂ ਕਹੀਆਂ ਗਈਆਂ ਕੁਝ ਗੱਲਾਂ ਦਾ ਜ਼ਿਕਰ ਕਰੀਏ।

ਆਮ ਜਨਤਾ ਹਰ ਮਸਲੇ ਦਾ ਹੱਲ ਸਹੀ ਮਾਇਨੇ ਵਿਚ ਕੱਢ ਸਕਦੀ ਹੈ। ਸੱਤਿਆਜੀਤ ਰੇਅ ਕਹਿੰਦੇ ਹਨ ਕਿ ਉਹ ਜਦੋਂ ਵੀ ਕੋਈ ਕਹਾਣੀ ਲਿਖਦੇ ਹਨ ਤਾਂ ਉਨ੍ਹਾਂ ਸਾਹਮਣੇ ਕਹਾਣੀ ਦੇ ਪਾਤਰ ਰੂਬਰੂ ਹੋ ਜਾਂਦੇ ਹਨ, ਉਹ ਹੱਡਬੀਤੀਆਂ ਜਾਂ ਉਹਨਾਂ ਦੁਆਲੇ ਵਾਪਰਦੀਆਂ ਸੱਚੀਆਂ ਘਟਨਾਵਾਂ ਨੂੰ ਹੀ ਕਹਾਣੀ ਦਾ ਰੂਪ ਦਿੰਦੇ ਹਨ। ਉਹ ਜੋ ਆਪਣੀਆਂ ਫ਼ਿਲਮਾਂ ਦੀਆਂ ਕਹਾਣੀਆਂ ਰਾਹੀਂ ਕਹਿਣਾ ਚਾਹੁੰਦੇ ਹਨ ਕਹਾਣੀ ਵਿਚਲੇ ਪਾਤਰਾਂ ਰਾਹੀਂ ਦਰਸਾਉਂਦੇ ਹਨ। ਉਹਨਾਂ ਦੀਆਂ ਫਿਲਮਾਂ ਦੇ ਨਾਇਕ ਜ਼ਿੰਦਗੀ ਵਿਚ ਆਉਦੇਂ ਉਤਰਾਅ-ਚੜ੍ਹਾ ਅਤੇ ਦੁਸ਼ਵਾਰੀਆਂ ਸਹਿ ਜਾਂਦੇ ਹਨ ਅਤੇ ਅਖੀਰ ਵਿਚ ਹੈਪੀ ਐਂਡਿੰਗ ਹੁੰਦੀ ਹੈ।

ਫਿਲਮ ਦੇ ਨਿਰਦੇਸ਼ਕ ਨੂੰ ਹੀ ਪਤਾ ਹੁੰਦਾ ਹੈ ਕਿ ਫਿਲਮ ਕੀ ਹੈ ਅਤੇ ਕੀ ਸੁਨੇਹਾ ਦੇਣਾ ਚਾਹੁੰਦੀ ਹੈ। ਇਨਸਾਨ ਦੇ ਅੰਤਰੀਵ ਮਨ ਨੂੰ ਸਮਝਣਾ ਅਤੇ ਉਸ ਨਾਲ ਗੁਫ਼ਤਗੂ ਕਰਨੀ ਹੀ ਸਿਨੇਮਾ ਦੀ ਇਖਲਾਕੀ ਖਾਸੀਅਤ ਜਾਂ ਵਿਸ਼ੇਸ਼ਤਾ ਹੈ। ਸੱਤਿਆਜੀਤ ਰੇਅ ਦੀਆਂ ਫ਼ਿਲਮਾਂ ਵਿਚ ਇੱਕ ਵਿਰੋਧ ਕਰਨ ਯੋਗ ਸੁਭਾਵਿਕ ਸੂਝ ਹੈ, ਜੋ ਆਮ ਤੋਂ ਆਮ ਗੱਲ ਨੂੰ ਸਹਿਜੇ ਹੀ ਖਾਸ ਬਣਾ ਦਿੰਦੀ ਹੈ। IFFI ਵੱਲੋਂ ਸੱਤਿਆਜੀਤ ਰਾਏ ਦੀ ਜਨਮ-ਸ਼ਤਾਬਦੀ ਮੌਕੇ ਨਵੰਬਰ ਮਹੀਨੇ ਮਨਾਏ ਜਾਂਦੇ ਤਿਉਹਾਰ ਸਮੇਂ ਇਹਨਾਂ ਦੀਆਂ 5 ਫਿਲਮਾਂ ਦਿਖਾਈਆਂ ਜਾਣਗੀਆਂ। ਫਿਲਮੀ ਜਗਤ ਵਿਚ ਚਾਰਲੀ ਚੈਪਲਿਨ ਤੋਂ ਬਾਅਦ ਸੱਤਿਆਜੀਤ ਰੇਅ ਦਾ ਨਾਂ ਆਉਂਦਾ ਹੈ ਜਿਨ੍ਹਾਂ ਨੂੰ ਆਕਸਫੋਰਡ ਯੂਨੀਵਰਸਿਟੀ ਨੇ ਡਾਕਟਰੇਟ ਆਫ ਫਿਲਾਸਫੀ ਦੀ ਡਿਗਰੀ ਦਿੱਤੀ ਹੋਈ ਸੀ।

❖ ❖ ❖ ❖

ਪੁਰਸ਼ੋਤਮ ਸਿੰਘ- ਤਾਂ ਤਾਂ ਮਹਾਰਾਜ ਜੀ! ਮਾਰਗ ਗ੍ਰਿਹਸਤ ਹੀ ਗੁਰੂ ਮਤ ਸਿੱਧ ਹੋਇਆ ਨਾ?




ਸੰਤ ਜੀ- ਠੀਕ ਸਮਝਿਆ ਹੈ ਪਰ 'ਪਰਵਾਣ ਗ੍ਰਿਹਸਤ ਉਦਾਸ' ਇਹ ਗੁਰੂ ਕਾ ਮਾਰਗ ਹੈ। ਇਹ ਸਿੱਧ ਤਾਂ ਹੋਇਆ, ਪਰ ਨਾਲ ਇਹ ਵੀ ਸਿੱਧ ਹੋਇਆ ਕਿ ਜੇ ਨੰਦ ਸਿੰਘ ਨਿਜ ਨੂੰ ਅਤੀਤ ਜੀਵਨ ਦੇ ਜੋਗ ਸਮਝ ਲੈਂਦਾ ਤੇ ਗੁਰੂ ਜੀ ਵੀ ਪਰਖ ਲੈਂਦੇ ਕਿ ਇਸ ਦੀ ਬ੍ਰਿਤੀ ਐਸੀ ਹੈ ਤਾਂ ਗੁਰੂ ਕਿਆਂ ਵਲੋਂ ਉਸ ਨੂੰ ਇਹ ਹੁਕਮ ਨਹੀਂ ਸੀ ਹੋਣਾ ਕਿ ਤੂੰ ਇਹ ਨਾ ਧਾਰਨ ਕਰ। ਜਿਸ ਤੋਂ ਸਾਡਾ ਭਾਵ ਇਹ ਹੈ ਕਿ ਜੋ ਮਨ ਐਸੇ ਕੁਦਰਤੋਂ ਬਣੇ ਹਨ ਕਿ ਉਹ ਤਜਾਗ ਵਿਚ ਹੀ ਰਹਿਕੇ ਬੰਦਗੀ ਕਰ ਸਕਦੇ ਹਨ, ਉਨ੍ਹਾਂ ਨੂੰ ਸਤਿਗੁਰ ਜੀ ਨੇ ਅਪਣੇ ਮਾਰਗ ਤੋਂ ਵਾਂਜਿਆ ਨਹੀਂ ਹੈ। ਸਤਿਗੁਰ ਨੇ ਹਾਠਾਂ ਨਹੀਂ ਬੱਧੀਆਂ। ਜੇ ਹੁਕਮ ਕਰ ਦੇਂਦੇ ਕਿ ਤ੍ਰੈ ਕਾਲ ਤਜਾਗੀ ਦੀ ਕਲਜਾਨ ਨਹੀਂ ਤਾਂ ਇਹ ਗੁਰਮਤ ਦਾ ਧਰਮ ਸਰਬਕਾਲੀ ਸਰਬਜੋਗ ਪ੍ਰਾਪਤ ਨਾ ਰਹਿੰਦਾ। ਹਰ ਦੇਸ ਵਾਲੇ ਲਈ, ਹਰ ਸੁਭਾਵ ਵਾਲੇ ਲਈ, ਹਰ ਕਿੱਤੇ ਵਾਲੇ ਲਈ ਗਲ ਕੀਹ ਮਨੁੱਖ ਮਾਤ੍ਰ ਲਈ ਗੁਰਮਤ ਦਾ ਮਾਰਗ ਸਤਿਗੁਰ ਨੇ ਬਖਸ਼ਿਆ ਹੈ -

**ਰਾਜ ਮਹਿ ਰਾਜੁ ਜੋਗ ਮਹਿ ਜੋਗੀ॥**
**ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ॥**
**ਧਿਆਇ ਧਿਆਇ ਭਗਤਹ ਸੁਖੁ ਪਾਇਆ॥**
**ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ॥**
**(ਅੰਗ ੨੮੪)**

ਸਜਣੋਂ ਸਰੀਰ ਦੇ ਗ੍ਰਹਣ ਤਜਾਗ ਦੇ ਫੇਰਾਂ ਵਿਚ ਨਾ ਫਸੋ। ਤਜਾਗ ਮਨ ਦਾ ਸਚ ਜਾਣੋਂ। ਸਿਮਰਨ ਦੇ ਮਾਰਗ ਤੇ ਟੁਰੇ ਬਿਨਾਂ ਅੰਦਰ ਦਾ ਤਜਾਗ ਮੁਸ਼ਕਲ ਖੇਡ ਹੈ। ਉਂਞ ਹਰ ਕੋਈ ਆਪਣੀ ਧਾਰਨ ਕੀਤੀ ਨੂੰ ਚੰਗਾ ਕਹਿੰਦਾ ਹੈ। ਪਰ ਮੈਂ ਸਾਧੂ ਹੋਕੇ ਗੁਰਮਤ ਤੋਂ ਇਹ ਸਮਝਿਆ ਹੈ ਕਿ ਸਤਿਗੁਰ ਸ਼ਖਸੀ ਕਲਜਾਨ ਦਾਨ ਕਰਦੇ ਹੋਏ ਭਾਈਚਾਰੇ ਦਾ, (ਪ੍ਰਜਾ ਕਹੋ ਯਾ ਦੇਸ ਕਹੋ) ਸਮਾਜਕ ਤੇ ਨੈਤਕ ਭਲਾ ਵੀ ਚਾਹੁੰਦੇ ਹਨ। ਇਸ ਕਰਕੇ ਭਲੇ ਪੁਰਖਾਂ ਨੂੰ ਭਾਈਚਾਰੇ ਵਿਚ ਵੱਸਕੇ ਆਪਣੀ ਭਲਿਆਈ ਦਾਨ ਕਰਨੀ ਦੱਸਦੇ ਹਨ। ਪਰ ਜੇ ਗ੍ਰਿਹਸਤੀ ਲੰਪਟ ਗ੍ਰਿਹਸਤੀ ਹੋਵੇ ਤੇ ਆਖੇ ਮੈਂ ਚੰਗਾ ਹਾਂ ਤਾਂ ਠੀਕ ਨਹੀਂ। ਜੇ ਸਾਧੂ ਈਰਖਾ ਵਿਚ ਹੋਵੇ, ਰਾਗ ਦ੍ਵੈਖ ਵਿਚ ਵਰਤੇ, ਭੇਖ ਮਾਤ੍ਰ (ਭਗਵੇ ਕਿ ਕਖਾਯ ਰੰਗ) ਦੇ ਮਾਨ ਵਿਚ ਤੇ ਅਭਿਮਾਨ ਵਿਚ ਵਰਤੇ ਤਾਂ ਉਸਦਾ ਤਜਾਗ ਠੀਕ ਨਹੀਂ। ਸਗੋਂ ਅਤੀਤ ਦੇ ਸਿਰ ਬਹੁਤਾ ਭਾਰ ਹੈ ਕਿ ਪਹਿਲੇ ਆਪ ਨੂੰ ਮੁਕੰਮਲ ਕਰੇ ਫੇਰ ਜਗਤ ਦਾ ਨਿਸਤਾਰਾ ਕਰੇ ਤੇ ਸਮਦ੍ਰਿਸ਼ਟੀ ਵਾਲਾ ਹੋਵੇ ਤੇ ਵਰਤੋਂ ਵਿਚ ਮੋਹ ਦੀ ਕਾਣੀ ਵੰਡ ਨਾ ਵਰਤੇ ਪਰ ਪ੍ਰੇਮ ਦਾ ਵਰਤਾਰਾ ਇਕ ਸਮਾਨ ਕਰੇ।

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...**

# ਗਈ ਬਹੋੜ

(ਗ੍ਰਿਹਸਤ-ਉਦਾਸ ਆਦਰਸ਼)

ਇਸ ਤਰ੍ਹਾਂ ਕਿਤਨਾ ਚਿਰ ਵਾਰਤਾਲਾਪ ਕਰਕੇ ਤੇ ਉੱਚਾ ਜੀਵਨ ਬਸਰ ਕਰਨ ਦੀ ਸੁਮੱਤ ਲੈਕੇ ਸਾਰੇ ਸੱਜਣ ਚਲੇ ਗਏ। ਉਨ੍ਹਾਂ ਨੂੰ ਸਮਝ ਆਈ ਕਿ ਝਗੜੇ ਕਰਨੇ ਬ੍ਰਿਥਾ ਹੁੰਦੇ ਹਨ। ਸਾਰ ਨੂੰ ਖੋਜਣਾ ਤੇ ਧਾਰਨਾ ਇਸ ਨਾਲ ਅੰਦਰਲੀ ਉੱਨਤੀ ਹੁੰਦੀ ਹੈ ਤੇ ਕਲਜਾਨ ਲੱਭਦੀ ਹੈ।

**2.**

ਗੁਰਪੁਰਬ ਦਾ ਦਿਨ ਆ ਗਿਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਭੋਗ ਪੈ ਗਿਆ, ਸੰਤਾਂ ਨੇ ਸੰਗਤ ਦੀ ਇੱਛਾ ਅਨੁਸਾਰ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲਿਆ ਤੇ ਕਥਾ ਕੀਤੀ। ਵਾਕ ਇਹ ਆਇਆ ਸੀ :-

**ਧਨਾਸਰੀ ਮਹਲਾ ੪॥**

**ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥ ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥੧॥ ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥ ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥ਰਹਾਉ॥ ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ॥ ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ॥੨॥੬॥੧੨॥ (ਅੰਗ ੬੬੯)**

ਇਸ ਸ਼ਬਦ ਦੀ ਕਥਾ ਸੰਤਾਂ ਨੇ ਅਤਿ ਮਨੋਹਰ ਢੰਗ ਨਾਲ ਕੀਤੀ। ਜਦੋਂ ਭੋਗ ਪਾਇਆ ਤਾਂ ਸੰਗਤ ਦੀ ਇੱਛਾ, ਜੋ ਪਹਿਲਾਂ ਤੋਂ ਹੀ ਇਹੋ ਸੀ, ਫਿਰ ਪ੍ਰਗਟ ਹੋਈ ਕਿ ਸਤਿਗੁਰੂ ਜੀ ਦੇ ਜੀਵਨ ਸੰਬੰਧੀ ਕਥਾ ਵੀ ਸੰਤ ਹੀ ਸੁਨਾਉਣ। ਸੋ ਸੰਤਾਂ ਨੇ ਸਤਿ ਬਚਨ ਕਹਿਕੇ ਉਚਾਰਨ ਕੀਤਾ :-

ਸਾਧ ਸੰਗਤ ਜੀ! ਸ੍ਰੀ ਸਤਿਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਜ ਸੁਭਾਗ ਅਵਤਾਰ ਦਿਨ ਹੈ, ਆਪਦੇ ਹਜ਼ੂਰ ਵਰਤੀ ਨੰਦ ਸਿੰਘ ਦੀ ਸਾਖੀ ਤੋਂ ਅਸਾਂ ਕੁਛ ਗਲਾਂ ਉਸ ਦਿਨ ਸਮਝੀਆਂ ਸਨ, ਹੁਣ ਆਪਦੀ ਅਵਤਾਰ ਕਥਾ ਵਿਚ ਕੁਛ ਗਲਾਂ ਵਲ ਧਿਆਨ ਪਾ ਲਈਏ। ਆਪਣੇ ਅਵਤਾਰ ਬਾਬਤ ਸ੍ਰੀ ਗੁਰੂ ਜੀ ਨੇ ਆਪ ਹਾਲ ਦੱਸਿਆ ਹੈ। ਉਸ ਤੋਂ ਵੱਧ ਤਸੱਲੀ ਵਾਲਾ ਹਾਲ ਹੋਰ ਕੌਣ ਦੱਸ ਸਕਦਾ ਹੈ। ਸ੍ਰੀ ਗੁਰੂ ਜੀ ਫੁਰਮਾਉਂਦੇ ਹਨ: ਕਿ 'ਅਸੀਂ ਹੇਮਕੁੰਟ ਪਰਬਤ ਤੇ ਤਪ ਕਰਦੇ ਹੁੰਦੇ ਸਾਂ।

ਓਥੇ ਸਾਡੀ ਤਪੱਸਜਾ ਇਤਨੀ ਕਮਾਲ ਨੂੰ ਪਹੁੰਚੀ ਕਿ ਅਕਾਲ ਪੁਰਖ ਦੇ ਧਜਾਨ ਵਿਚ ਲੱਗੇ ਅਸੀਂ ਆਪਨੇ ਧਜਾਨੀ ਦੇ ਰੂਪ ਵਿਚ ਇਕ ਜਜੋਤਿ ਹੋ ਗਏ। ਪਹਿਲਾਂ ਦੋ ਦਾ ਅਨੁਭਵ ਸੀ, ਅਰਥਾਤ ਧਜਾਨ ਕਰਨੇ ਵਾਲਾ ਇਕ, ਜਿਸਦਾ ਧਜਾਨ ਸੀ ਸੋ ਦੂਜਾ, ਭਾਵ ਆਪ ਤੇ ਅਕਾਲ ਪੁਰਖ, ਸੋ ਅਰਾਧਨਾ ਕਰਦੇ ਦੋਂਹ ਦੀ ਥਾਂ ਇਕ ਰੂਪ ਹੋ ਗਏ। ਖਾਲਸਾ ਜੀ! ਇਹ ਆਤਮਕ ਖੇਡਾਂ ਹਨ, ਇਨ੍ਹਾਂ ਦਾ ਅਸੀਂ ਖਿਆਲ ਬਣਾ ਸਕਦੇ ਹਾਂ ਯਥਾਰਥ ਸਮਝ ਸਕਣਾਂ ਸਾਡੇ ਖਿਆਲ ਤੋਂ ਪਰੇ ਹੈ। ਕਿਉਂਕਿ ਯਥਾਰਥ ਦੇਸ਼ ਕਾਲ ਤੋਂ ਪਰੇ ਹੈ, ਅਸੀਂ ਜੋ ਕੁਛ ਚਿੰਤਨ ਵਿਚ ਲਿਆ ਸਕਦੇ ਹਾਂ, ਓਹ ਦੇਸ਼ ਕਾਲ ਵਾਲਾ ਹੁੰਦਾ ਹੈ ਤੇ ਦਸਮੇਸ਼ ਪਿਤਾ ਜੀ ਫੁਰਮਾਉਂਦੇ ਹਨ : "ਔਰ ਸੁ ਕਾਲ ਸਭੈ ਬਸਿ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ।"

ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਪਉੜੀ ਵਿਚ "ਢਾਢੀ ਸਚੈ ਮਹਲਿ ਖਸਮਿ ਬੁਲਾਇਆ।" ਆਪਣੇ ਸਚਖੰਡ ਜਾਣ ਤੇ ਅਕਾਲ ਪੁਰਖ ਨਾਲ ਮੇਲ ਦਾ ਜ਼ਿਕਰ ਕੀਤਾ ਹੈ, ਤਿਵੇਂ ਦਸਮੇਂ ਜਾਮੇ ਵੀ ਅਕਾਲ ਪੁਰਖ ਜੀ ਨਾਲ ਅਭੇਦ ਹੋਣ ਤੇ ਓਥੇ ਬੁਲਾਏ ਜਾਣ ਦੇ ਕੌਤਕ ਨੂੰ ਉਨ੍ਹਾਂ ਆਪ ਵਰਣਨ ਕੀਤਾ ਹੈ, ਪਰ ਮਨੁੱਖੀ ਸਮਝ ਗੋਚਰਾ ਕਰਨੇ ਲਈ ਜੋ ਹਰ ਭਾਵ ਨੂੰ ਦੇਸ਼ ਕਾਲ ਵਾਲੇ ਖਜਾਲ ਦੇ ਜਾਮੇ ਵਿਚ ਵਰਣਨ ਕੀਤਿਆਂ ਹੀ ਸਮਝ ਸਕਦੀ ਹੈ, ਗੁਰੂ ਜੀ ਨੇ ਇਹ ਹਾਲ ਵਰਣਨ ਕੀਤਾ ਹੈ ਜੋ ਐਉਂ ਹੈ :-

**ਅਬ ਮੈ ਅਪਨੀ ਕਥਾ ਬਖਾਨੋ।**
**ਤਪ ਸਾਧਤ ਜਿਹ ਬਿਧਿ ਮੋਹਿ ਆਨੋ।**

**.............................................**

**ਚਿਤ ਨ ਭਯੋ ਹਮਰੋ ਆਵਨ ਕਹ।**
**ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹ।**
**ਜਿਉ ਤਿਉ ਪ੍ਰਭ ਹਮ ਕੋ ਸਮਝਾਯੋ।**
**ਇਮ ਕਹਿਕੇ ਇਹ ਲੋਕ ਪਠਾਯੋ।੫।**

**ਅਕਾਲ ਪੁਰਖ ਬਾਚ। ਚੌਪਈ।**
**ਮੈ ਅਪਨਾ ਸੁਤ ਤੁਹਿ ਨਿਵਾਜਾ।**
**ਪੰਥੁ ਪ੍ਰਚੁਰ ਕਰਬੇ ਕਉ ਸਾਜਾ।**
**ਜਾਹ ਤਹਾ ਤੈ ਧਰਮੁ ਚਲਾਇ।**
**ਕਬੁਧਿ ਕਰਨ ਤੇ ਲੋਕ ਹਟਾਇ।੨੯।**

ਪ੍ਰਸ਼ਨ ਹੋ ਸਕਦਾ ਹੈ ਕਿ ਦਸਮੇ ਪਿਤਾ ਜੀ ਨੇ ਆਪ ਫੁਰਮਾਇਆ ਹੈ ਕਿ ਅਕਾਲ ਪੁਰਖ ਦਾ ਮਾਤ ਪਿਤਾ ਪੁੱਤ੍ਰ ਆਦਿ ਕੋਈ ਨਹੀਂ ਹੈ, ਫਿਰ ਆਪਣੇ ਆਪ ਨੂੰ ਪੁਤ੍ਰ ਦੱਸ ਰਹੇ ਹਨ, ਇਹ ਕੀ ਗਲ ਹੈ? ਪਰ ਜੇ ਅਸੀਂ ਆਪ ਦਾ ਵਾਕ ਵੀਚਾਰੀਏ ਤਾਂ ਇਹ ਸ਼ੰਕਾ ਨਹੀਂ ਹੋ ਸਕਦੀ। ਅਕਾਲ ਪੁਰਖ ਜੀ ਆਪ ਨੂੰ 'ਮੈਂ ਅਪਨਾ ਸੁਤ ਤੁਹਿ ਨਿਵਾਜਾ' ਦਾ ਵਾਕ ਕਹਿ ਰਹੇ ਹਨ। ਨਿਵਾਜਣ ਦੇ ਅਰਥ ਹਨ 'ਵਡਿਆਈ ਦੇਣੀ।' ਭਾਵ ਇਹ ਹੈ ਕਿ ਅਕਾਲ ਪੁਰਖ ਜੀ ਨਾਲ ਜੋ ਗੁਰੂ ਜੀ ਦਾ ਪ੍ਰੇਮ ਸੀ ਉਸ ਤੇ ਰੀਝ ਕੇ ਆਪ ਗੁਰੂ ਜੀ ਨੂੰ ਉਹ ਪਿਆਰ ਕਰ ਰਹੇ ਹਨ ਜੋ ਕਿ ਪਿਤਾ ਪੁਤ੍ਰ ਨੂੰ ਕਰ ਸਕਦਾ ਹੈ। ਅਸੀਂ 'ਪਿਤਾ ਪੁੱਤ੍ਰ' ਪ੍ਰੇਮ ਦੇ ਜਾਣੂ ਹਾਂ ਤੇ ਇਸ ਤੋਂ ਪ੍ਰੇਮ ਦੀ ਅਵਧੀ ਨੂੰ ਸਮਝ ਸਕਦੇ ਹਾਂ। ਇਸ ਕਰਕੇ ਪਦ ਪੁੱਤ੍ਰ ਦਾ ਆਯਾ ਹੈ, ਪੁੱਤ੍ਰ ਪਿਤਾ ਦਾ ਸਰੂਪ ਹੁੰਦਾ ਹੈ। ਕਿਉਂਕਿ ਪਿਤਾ ਦਾ ਆਤਮਜ ਹੁੰਦਾ ਹੈ। ਪੁੱਤ੍ਰ ਦੇ ਨਾਲ ਪਦ 'ਨਿਵਾਜਣ' ਆਯਾ ਹੈ, ਜਿਸ ਤੋਂ ਸਰੀਰ ਧਾਰੀ ਹੋਕੇ ਸਰੀਰ ਤੋਂ ਸਰੀਰ ਉਪਜਣ ਵਾਲੇ ਪਿਤਾ ਪੁੱਤ੍ਰ ਦੇ ਸੰਬੰਧ ਵਾਲੀ ਸੰਭਾਵਨਾ ਨਹੀਂ ਹੁੰਦੀ, ਪ੍ਰੰਤੂ ਪਰਮ ਪ੍ਰੇਮ ਦੀ ਪੂਰਨਤਾ ਵਿਦਤ ਹੁੰਦੀ ਹੈ। ਭਗਤੀ ਉਹ ਪਰਵਾਨ ਸਮਝੀਦੀ ਹੈ ਕਿ ਭਗਤ ਦੇ ਪ੍ਰੇਮ ਤੇ ਰੀਝ ਕੇ ਵਾਹਿਗੁਰੂ ਵੀ ਉਸ ਨੂੰ ਪਿਆਰ ਕਰਨ ਲਗ ਪਵੇ। ਇਸ ਪੂਰਨ ਪ੍ਰੇਮ ਵਿਚ ਗੁਰੂ ਜੀ ਵੱਲੋਂ ਅਵਧੀ ਇਹ ਹੋਈ ਕਿ ਦੋ ਤੋਂ ਇਕ ਰੂਪ ਹੋ ਗਏ, ਆਪਾ ਸਾਰਾ ਆਪਣੇ ਪਿਆਰੇ ਵਿਚ ਲੀਨ ਹੋ ਗਿਆ। ਭਗਵੰਤ ਵੱਲੋਂ ਪ੍ਰੇਮ ਉਹ ਹੋਇਆ ਕਿ ਇਕ ਰੂਪ ਹੋ ਗਏ। ਉਸ ਇਕਰੂਪਤਾ ਨੂੰ ਖਿਆਲ ਵਿਚ ਸਮਝਣੇ ਲਈ ਸਾਡੇ ਹਿਰਦਿਆਂ ਵਿਚ 'ਪਿਤਾ ਪੁੱਤ੍ਰ ਪ੍ਰੇਮ' ਦਾ ਅਨੁਭਵ ਹੋਣ ਕਰਕੇ ਇਸ ਭਾਵ ਵਿਚ ਦਿਖਾਇਆ ਗਿਆ। ਸੋ ਸਚ ਖੰਡ ਦੀ ਆਪਣੇ ਤੇ ਵਾਹਿਗੁਰੂ ਜੀ ਦੇ ਅਗੰਮੀ ਖੇਡ ਨੂੰ ਐਉਂ ਦੱਸਕੇ ਗੁਰੂ ਜੀ ਫੁਰਮਾਉਂਦੇ ਹਨ :-

**ਇਹ ਕਾਰਨਿ ਪ੍ਰਭ ਮੋਹਿ ਪਠਾਯੋ।**
**ਤਬ ਮੈ ਜਗਤ ਜਨਮ ਧਰਿ ਆਯੋ।**

ਫਿਰ ਜਗਤ ਵਿਚ ਆਪਣੇ ਆਉਣ ਦਾ ਹਾਲ ਇਸ ਪ੍ਰਕਾਰ ਦੱਸਦੇ ਹਨ ਕਿ ਸਾਡੇ ਪਿਤਾ ਜੀ ਪੂਰਬ ਨੂੰ ਗਏ, ਪ੍ਰਯਾਗ ਰਾਜ ਪਹੁੰਚੇ, ਉਥੇ ਕੁਛ ਸਮਾਂ ਟਿਕੇ ਤੇ ਬਹੁਤ ਦਾਨ ਪੁੰਨ ਕੀਤੇ। ਸਤਿਗੁਰੂ ਜੀ ਦੇ ਦਾਨ ਕਈ ਪ੍ਰਕਾਰ ਦੇ ਸਨ, ਜਿਨ੍ਹਾਂ ਨੂੰ ਦੋਂਹ ਨਾਮਾ ਵਿਚ ਵਰਣਨ ਕਰ ਸਕਦੇ ਹਾਂ, ਇਕ ਜੀਅ ਦਾਨ, ਦੂਜੇ ਪ੍ਰਾਣ ਦਾਨ। ਜੀਅ ਦਾਨ ਵਿਚ ਪਾਪੀਆਂ ਦੀ ਰੁਚੀ ਪਾਪ ਤੋਂ ਮੋੜ ਦੇਣੀ, ਨਾਮ ਵਿਚ ਲਗਾ ਦੇਣਾ, ਰੂਹਾਨੀ ਜੀਵਨ ਦੀ ਛੁਹ ਬਖਸ਼ ਕੇ ਜੀਵਾ ਕਰ ਦੇਣਾ, ਆਦਿਕ ਦਾਨ ਸ਼ਾਮਲ ਹਨ। ਪ੍ਰਾਣ ਦਾਨ ਵਿਚ, ਅੰਨ ਦਾਨ, ਬਸਤ੍ਰ ਦਾਨ, ਪਦਾਰਥ ਦਾਨ ਆਦਿਕ ਆ ਜਾਂਦੇ ਹਨ। ਫਿਰ ਗੁਰੂ ਜੀ ਦੱਸਦੇ ਹਨ ਕਿ ਪਟਨੇ ਵਿਚ ਸਾਡਾ ਭਵ ਹੋਇਆ, 'ਭਵ' ਦਾ ਅਰਥ ਹੈ ਆਤਮ ਮੰਡਲ ਤੋਂ ਦਿਸਦੇ ਜਗਤ ਵਿਚ ਪ੍ਰਗਟ ਹੋ ਜਾਣਾ। ਫਿਰ ਆਪ ਦੱਸਦੇ ਹਨ ਕਿ ਸਾਨੂੰ ਪੰਜਾਬ ਵਿਚ ਲੈ ਆਏ, ਜਿੱਥੇ ਸਾਡੀ ਪਾਲਣਾ ਤੇ ਸਿਖਿਆ ਬਹੁਤ ਸੁਹਣੀ ਤਰ੍ਹਾਂ ਹੋਈ, ਤੇ ਜਦੋਂ ਅਸੀਂ ਕੁਛ ਸਿਆਣੀ ਵਰੇਸ ਵਿਚ ਆਏ ਤਾਂ ਪਿਤਾ ਜੀ ਸਚਖੰਡ ਨੂੰ ਚਲੇ ਗਏ, ਫਿਰ ਆਪ ਧਰਮ ਚਲਾਉਣ ਤੇ ਪਾਂਵਟੇ ਜਾਣ ਤੇ ਭੰਗਾਣੀ ਦੇ ਜੁੱਧ ਆਦਿਕਾਂ ਦੇ ਪ੍ਰਸੰਗ ਲਿਖਦੇ ਹਨ। ਸੋ ਅਵਤਾਰ ਕਥਾ ਤਾਂ ਐਤਨੀ ਹੈ। ਇਸ ਕਥਾ ਵਿਚ ਸਾਨੂੰ ਇਕ ਤੁਕ ਇਸ ਭਾਵ ਦੀ ਮਿਲਦੀ ਹੈ ਕਿ ਅਕਾਲ ਪੁਰਖ ਨੇ ਆਪ ਨੂੰ ਧਰਮ ਚਲਾਉਣ ਤੇ ਕੁਬੁਧ ਕਰਨ ਤੋਂ ਮਾੜੇ ਲੋਕਾਂ ਨੂੰ ਹਟਾਉਣ ਵਾਸਤੇ ਘੱਲਿਆ ਸੀ; ਸੋ ਸਾਰੀ ਆਯੂ ਆਪ ਦੀ ਇਸੇ ਹੁਕਮ ਪਾਲਣ ਤੇ ਖਰਚ ਹੋਈ।

**(ਚਲਦਾ)**

# Guru Tegh Bahadur: Protector of Human Rights

❖ Prof. Harpreet Kaur*

The life and martyrdom of the Ninth Guru, Guru Tegh Bahadur shows his undying commitment towards Dharma, his endurance in the defence for rights of the people, futuristic vision of plurality and fearlessness in embracing his accomplished destiny in his supreme sacrifice for the sake of human rights of the people.



Painting : Bodhraj

## Guru Tegh Bahadur and Human Rights

The principles of human rights are the building blocks of the contemporary state and are cornerstone of democracy. The civil rights includes right to life, liberty, freedom of religion, right against exploitation, cultural and educational rights etc., the political rights include right to vote, to be elected, right to criticise and oppose the government through peaceful and legitimate means without inciting violence, and economic rights comprise of freedom in the economic sphere and cultural rights include the right to retain and further plurality of cultures, languages, religions etc. in the society. Most if not all, human rights are claim rights that impose duties or responsibilities on their duty bearers. Rights focus on a freedom, protection, status, or benefit for the right holders (Beitz, Charles R., 2009). Human rights have associated duties, which often require actions involving 'respect, protection, facilitation and provision'.

The sense of duty and justice is visible in the words and deeds of the Guru throughout his entire life. He sacrificed himself for the sake of Dharma or righteousness. Rights have corresponding duties and Guru Tegh Bahadur embraced his duty to respect and protect plural faiths and championed the liberty to profess any faith. Plurality of cultures and traditions are an integral part of democracies and the ninth Guru, at that time, upheld protecting varied cultures. The rights regime necessitates protection and security to each person or group and when the state was threatening the rights of a particular cultural group, Guru Tegh Bahadur emerged as a leader to ensure them liberty to profess their own religion and stood up as a bulwark against exploitation by the state functionaries. The Kashmiri Pandits were agitating against attack on the right to self-determination and the Guru rather took this onus on himself to protect them against the atrocious regime. Human rights are not negotiable and Aurangzeb was negotiating with the Hindus putting a condition to spare their lives only if they embraced Islam, which was opposed by the Guru steadfastly. Guru Tegh Bahadur said, 'Bhai kahu kao det neh neh bhai manat an' and stressed on guarantee to the subjects against the repression by the ruling class. He championed the right to profess any faith endorsing religious pluralism. He stood firmly against religious persecution of Kashmiri Pandits and preached for a state where religious diversities flourished.

Eminent French thinker Voltaire while defending the freedom of a person especially of speech says, "I wholly disapprove of what you say- and will defend to the death your right to say it". Guru Tegh Bahadur endorsed and upheld the liberties of people belonging to altogether different religious identities although the rituals they professed had been negated as redundant even by Guru Nanak Dev. Guru Tegh Bahadur, like his predecessors, did not believe in idol worship, frontal mark or tilak, janeu or other practices endorsed by Brahmanism. Compassion, duty towards others, empathy etc. were integral part of his life of self-consecration and teachings and 'Guru Sahib traversed from 'Tegh' to 'Tayag' (Kaur, Palvinder, 2020), which culminated into his supreme martyrdom'.

## Respect for the Property of others

After Makhan Shah Lubana discovered the real successor of the eighth Guru at Bakala, many followers would come and make valuable offerings in Guru Tegh Bahadur's

darbar. Dhir Mal became highly envious and looted the property of the Guru, which angered Makhan Shah who along with his men raided Dhir Mal's house and recovered belongings of the Guru including a precious copy of Adi Granth (Guru Granth Sahib). An accomplice of Dhir Mal was arrested and brought before Guru Sahib who allowed him to go away unharmed. On the insistence of Guru, the Sikhs had to return the property except the holy scripture which they thought as a precious asset rightfully belonging to them. The Guru taught to respect the rightful belongings of others and told them not let anger or vengeance enter their hearts. Later, when the Guru decided to proceed to Kiratpur and reached near river Beas, he happened to see the holy Book still in possession of the Sikhs. He firmly asked them to return it and the scripture was left at a safe place in the dry bed of the river and Dhir Mal was informed and his followers took it away which is still in the possession of his descendants, the Sodhis of Kartarpur.

## Respect for Religious Diversity

Right to profess different faiths was upheld by Guru Tegh Bahadur for which he had to sacrifice his life. Fanatic Mughal Emperor Aurangzeb, wanted to create a monolithic theocratic state, Dar-ul-Islam, for which he issued numerous Farmans to demolish temples of the Hindus, declared their scriptures and gods as false and directed his officials for mass conversions even by force. The fanatic policies of Aurangzeb restricted freedom to profess any other religion except Islam and aimed at converting all to Islam with the result that the Hindus were persecuted and crushed brutally.

Target of Aurangzeb was to convert Kashmir into a purely Muslim province and Sher Afghan Khan, Governor of Kashmir assisted him. The Kashmiri Pandits were asked to convert into Islam but they asked for six months' time to think. They discussed amongst themselves and proceeded to Anandpur Sahib to seek advice of Guru Tegh Bahadur. "Why only Pandits had come? About this it has been mentioned in historical records that Aurangzeb had thought that only the Brahmins study and impart religious education, and perform religious acts and get them done. If they are made Muslims, the entire Hindu kingdom will become Muslims" (Singh, Hardip, 1977). The deputation of Kashmiri Pandits related the gross violation of their rights and freedoms and the Guru's concern was to make inhuman behaviour of the stone-hearted rulers humane. He said that the volatile situation could be controlled if some holy man sacrificed himself. The young (Guru) Gobind (Singh) spoke almost instinctively that none could be holier than Guru Tegh Bahadur himself to make such a sacrifice for the sake of humanity. Hearing this, Guru Tegh Bahadur decided to meet his destined end and asked the delegation to convey to the Governor that Guru Tegh Bahadur was their leader and he should first convert the Guru to Islam and then they would also follow the same line.

When Emperor Aurangzeb heard this he was furious and ordered the arrest of the Guru. Before the officials could reach Anandpur Sahib, Guru Sahib started his extensive whirlwind tour passing through Malwa and south-eastern Punjab to prepare the masses for the impending dangers unleashed by the atrocious regime of the Mughals. Later, it was at Agra that Guru Tegh Bahadur divulged information about his whereabouts to the Mughals and got himself arrested offering himself for a brutal execution that followed. Dr. Ganda Singh writes that Guru Tegh Bahadur was brought to Delhi on 5 November 1675 (Singh, Ganda, 1996). Guru Tegh Bahadur along with his disciples namely, Bhai Sati Das, Bhai Mati Das, Bhai Dayal Das and Bhai Gurditta were taken captive to Delhi prison (Kotwali) situated at Chandni Chowk. Aurangzeb offered honours and Jagirs to Guru if he embraced Islam who remained unruffled which angered the Emperor and more ruthless tortures were perpetrated on him. When presented in the darbar before the Emperor he was curious to know that if he was not an idol worshipper, why was he supporting the cause of the Brahmins. The Emperor kept a condition before the Guru to show some miracle (karamat) or to come into the fold of Islamic faith.

Guarded by armed soldiers outside his lock-up, Guru Tegh Bahadur was tortured severely in prison. Sayed Muhammad Latif supporting that the Guru was tortured in captivity, writes, "The Sikh Guru being unable to satisfy his majesty one way or the other, was by the King's order, thrown into prison, and on his persistently refusing to convert, was subjected to bodily tortures". Guru Tegh Bahadur was kept chained in an iron cage "the interior of which had sharp nails like arrows. A person could neither sit in it nor stand properly. Revered Guru had to stand in a corner. The punishment was so severe that no ordinary man could bear it. For a few days, Lord had to spend time in the cage standing with his waist bent and was starved and had to go thirsty" (Sital, Sohan Singh, 1975). The Guru's torture was tremendously agonizing Bhai Mati Das, one of the Guru's companions and when this spectacle being unbearable, he wanted to burn Delhi and destroy the Mughal Empire. Guru Tegh Bahadur explained that the power of a destroyer cannot be assumed by any human being and the Providential Will is that sacrifices can make the country come out of turmoil. This conversation was overheard by officials who informed the Emperor and orders of execution were passed. Bhai Mati Das was tied between two pillars and he was sawn alive like a log of wood and his body was torn into two.

Bhai Sati Das and Bhai Dayal Das were threatened again to face death or to embrace Islam, which they refused. Guru Tegh Bahadur blessed them and said that their acts of bravery and supreme sacrifice will be remembered. The feet and hands of Bhai Dayal Das were tied and mercilessly he was thrown into a cauldron containing boiling oil and he met his end repeating the name of God. "Inhuman Brutality. Saintly Bhai Dayala Ji was made to sit in a deg and boiled. After continuous boiling, his flesh was separated from the bones…. The entire city trembled to see this torture" (Sital, Sohan Singh, 1975). As a deterrent, their bodies were displayed at public places so that none could dare to speak out for their freedom of worship. On the third day, Bhai Sati Das's face was tied and put on fire. Guru Tegh Bahadur was caged and made to watch his followers meeting their end after brutalities. "In the history of Sikh community, the martyrdom of Bhai Mati Das, Bhai Sati Das and Bhai Dayala Ji gives the message of rising above castes and religions (Kaur, Harwant, 2020)".

William Irvine elaborates on the ceaseless inhuman brutality perpetrated on the Guru for many weeks but he remained resolute on his convictions and refused to accept Islam and so, he was executed. The Persian sources indicate that 'he was tried as an unbeliever. There were many more prisoners of this category in Delhi at that time. The outcome was a sentence to death and he was soon publicly executed (Tawarikh-i-Sikhan)'. On the fateful day of the Guru's execution, he was brought in an iron cage to an open space and the executioner, Jalaludin of Samana fiercely approached with a drawn sword. Then at the orders of Aurangzeb, Guru Tegh Bahadur was martyred on 11 November 1675 A.D. (Maghar Sudi 5, 1732 B.S.) (Dr. Trilochan Singh).

Those were terrible times when all human rights norms codified in the modern times were flouted. Such an inhuman torture is a punishable offence as per the International Laws. After Nuremberg trials, international jurisprudence has been made to deal with abuses like genocide, crimes against humanity, war crimes etc. The International Humanitarian Law (IHL) endorses the concept of just war and humanitarian treatment to all even in conflicts. Unlimited physical pain, injury and torture were unleashed upon the Guru in captivity which is a major reason of human rights abuse. The Amnesty International lays conditions against the practice of arbitrary arrest and detention that cannot be without charge or trial, death in custody, use of torture or mistreatment in custody, application of death penalty, political repression, violence etc. and all these were flouted by the Mughal ruler and his officials in the case of arrest of Guru Sahib and his followers who were subjected to torture in custody and a most heinous form of capital punishment was given to them.



Historic painting shows Guru Tegh Bahadur in a reflective mood listening to the plight of Kashmiri Pandits who petitioned him to intervene to stop their forcible conversion to Islam. Painting by Jaswant Singh.

### Aftermath of the Great Martyrdom

Bhai Jaita and Bhai Gurbax Singh were amongst those people who were eyewitnesses to this extremely horrifying incident that occurred in Delhi (Singh, Harbans, 1998). The Guru's head was cut off and it flew into the lap of Bhai Jaita in the blowing storm (andheri) and his body was exposed in Delhi streets and was not permitted to be taken away. Bhai Jaita, a devout Ranghreta Sikh, took possession of Guru's head and went to Anandpur Sahib to Guru Gobind Singh where last rites were performed at Sis Ganj Anandpur.

After listening to the news of the cruel execution of Guru Sahib, all Sikhs of Delhi gathered in Bhai Nanu's house to discuss the cremation of the holy body of Guru Sahib. Lakhi Shah Vanjara, a rich merchant with thousands of carts used for supplies to the royal household, offered to take up this duty. He and his eight sons, who were heading the convoy of the royal contractor consisting of horses, camels, bullocks and carts gushed into the site of execution in the thickening storm and took the body of the Guru without anyone noticing this because of commotion. After the storm, Guru's headless body miraculously disappeared. Mourning crowd as well as Aurangzeb thought it was a miracle of Guru Sahib that the body had disappeared. Lakhi Shah Vanjara and his son Nagahia placed it in a cart and took it to their estate in Raisina village at the outskirts of the city and covered it with a heap of firewood and set fire to his house but pretending that it had got fire accidentally. At the place where Lakhi Shah quietly cremated the body of the Guru now stands Gurdwara Rakabganj Sahib.

To be continued...

* Principal, Mata Sundri College, University of Delhi.

# ਭਾਈ ਵੀਰ ਸਿੰਘ ਦਾ 64ਵਾਂ ਸਚਖੰਡ ਪਿਆਨਾ ਦਿਵਸ ਮਨਾਇਆ

ਨਵੀਂ ਦਿੱਲੀ, 10 ਜੂਨ, 2021 : ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵੱਲੋਂ ਭਾਈ ਵੀਰ ਸਿੰਘ ਜੀ ਦਾ 64ਵਾਂ ਸਚਖੰਡ ਪਿਆਨਾ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਗਿਆ। ਕਰੋਨਾ ਸੰਕਟ ਦੇ ਚੱਲਦਿਆਂ ਇਸ ਪ੍ਰੋਗਰਾਮ ਨੂੰ ਸਦਨ ਵੱਲੋਂ ਆਨਲਾਈਨ ਆਯੋਜਿਤ ਕੀਤਾ ਗਿਆ।

ਪ੍ਰੋਗਰਾਮ ਦਾ ਆਰੰਭ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ, ਮਹਿਰੌਲੀ ਦੇ ਵਿਦਿਆਰਥੀਆਂ ਵੱਲੋਂ ਸਹਿਜ ਪਾਠ ਦੇ ਭੋਗ ਅਤੇ ਕੀਰਤਨ ਨਾਲ ਹੋਇਆ। ਉਪਰੰਤ ਸਰਦਾਰਨੀ ਤਰਨਜੀਤ ਕੌਰ ਨੇ **ਕੰਬਦੀ ਕਲਾਈ**, ਭਾਗ-1 ’ਚੋਂ ‘ਉਠ ਜਾਗ, ਜਾਗ ਬਹਿਜਾ’ ਕਵਿਤਾ ਦਾ ਗਾਇਨ ਕੀਤਾ। ਸਰਦਾਰਨੀ ਤਜਿੰਦਰ ਕੌਰ ਧੀਰ ਨੇ **ਅਸ਼ਟ ਗੁਰ ਚਮਤਕਾਰ**, ਭਾਗ-2 ’ਚੋਂ ‘ਅਸ਼ਾਂਤੀ ਦੀ ਲਹਿਰ ਪਛਾੜ’ ਸੰਦੇਸ਼ ਪੜ੍ਹ ਕੇ ਸੁਣਾਇਆ। ਪੰਜਾਬੀ ਬਾਗ਼, ਨਵੀਂ ਦਿੱਲੀ ਤੋਂ ਪ੍ਰਸਿੱਧ ਰਾਗੀ ਭਾਈ ਭੁਪਿੰਦਰ ਸਿੰਘ ਅਤੇ ਜਥੇ ਨੇ ਮਨੋਹਰ ਕੀਰਤਨ ਰਾਹੀਂ ਹਾਜ਼ਰੀ ਭਰੀ। ਇਸ ਮੌਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਤੋਂ ਡਾ. ਜਸਵਿੰਦਰ ਸਿੰਘ ਨੇ ਪਾਵਰ ਪੁਆਇੰਟ ਪੇਸ਼ਕਾਰੀ ਰਾਹੀਂ ਭਾਈ ਸਾਹਿਬ ਨੂੰ ਸਾਹਿਤਕ ਸ਼ਰਧਾਂਜਲੀ ਭੇਟ ਕੀਤੀ। ਉਹਨਾਂ ਅਗਲੇ ਵਰ੍ਹੇ ਆ ਰਹੇ ਭਾਈ ਵੀਰ ਸਿੰਘ ਜੀ ਦੇ 150ਵੇਂ ਜਨਮ-ਦਿਵਸ ਨੂੰ ਧਿਆਨ ’ਚ ਰੱਖਦਿਆਂ ਭਾਈ ਸਾਹਿਬ ਰਾਹੀਂ ਆਪਣੇ ਸਮੇਂ ਵਿਚ ਕੀਤੀਆਂ ਸਮੁੱਚੀਆਂ ਸਾਹਿਤਕ ਅਤੇ ਪੰਥਕ ਕੋਸ਼ਿਸ਼ਾਂ ਨੂੰ ਖੋਜ ਰਾਹੀਂ ਅੱਗੇ ਲਿਆਉਣ ਦਾ ਸੁਝਾ ਦਿੱਤਾ। ਉਨ੍ਹਾਂ ਅਨੁਸਾਰ ਭਾਈ ਸਾਹਿਬ ਰਾਹੀਂ ਰਚਿਤ ਅਤੇ ਉਸ ਸਮੇਂ ਵਿਚ ਅਨੁਵਾਦਿਤ, ਅਣ-ਪ੍ਰਕਾਸ਼ਿਤ ਸਾਹਿਤ ਜੋ ਵੀ ਸਾਨੂੰ ਕਿਧਰੋਂ ਮਿਲਦਾ ਹੈ, ਉਸਨੂੰ ਪ੍ਰਕਾਸ਼ਿਤ ਕਰਨਾ ਲੋੜੀਂਦਾ ਹੈ। ਉਹਨਾਂ ਭਾਈ ਸਾਹਿਬ ਦੇ ਕਾਰਜਾਂ ਦੀ ਬਿਬਲੋਗ੍ਰਾਫ਼ੀ ਬਨਾਉਣ ਦੇ ਨਾਲ ਨਾਲ ਉਹਨਾਂ ਬਾਰੇ ਹੋਈ ਖੋਜ ਦੇ ਦਾਇਰੇ ਨੂੰ ਹੋਰ ਮੋਕਲਾ ਕਰਨ ਤੇ ਜੋਰ ਦਿੱਤਾ ਤਾਂ ਜੋ ਸਿੱਖ ਅਧਿਐਨ ’ਚ ਖੋਜ ਰਾਹੀਂ ਅਤੇ ਦੇਸ਼ਾਂ ਵਿਦੇਸ਼ਾਂ ’ਚ ਅਨੁਵਾਦ ਰਾਹੀਂ ਭਾਈ ਸਾਹਿਬ ਦੀ ਤਤਕਾਲੀ ਦੇਣ ਨੂੰ ਲੋਕਾਂ ਸਾਹਮਣੇ ਲਿਆਂਦਾ ਜਾ ਸਕੇ ਜਿਸ ਨਾਲ ਸਾਡੀ ਉਹਨਾਂ ਬਾਰੇ ਬਣੀ ਸਮਝ ’ਚ ਨਵੇਂ ਮੁਹਾਂਦਰਿਆਂ ਦਾ ਸਮਾਵੇਸ਼ ਹੋ ਸਕੇ ਤੇ ਉਹਨਾਂ ਦੀ ਵਿਸ਼ਾਲਤਾ ਤੋਂ ਲੋਕ ਜਾਣੂੰ ਹੋ ਸਕਣ। ਉਪਰੰਤ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਹਫ਼ਤਾਵਾਰੀ ਪੱਤਰ ‘ਖਾਲਸਾ ਸਮਾਚਾਰ’ ਦਾ ਵਿਸ਼ੇਸ਼ ਅੰਕ ਅਤੇ ਨਵੀਆਂ ਪ੍ਰਕਾਸ਼ਨਾਵਾਂ ਦਾ ਲੋਕ-ਅਰਪਣ ਕੀਤਾ। ਉਹਨਾਂ ਆਪਣੇ ਸੰਬੋਧਨ ’ਚ ਜਿੱਥੇ ਸਦਨ ਵੱਲੋਂ ਨਿਰੰਤਰ ਜਾਰੀ ਗਤੀਵਿਧੀਆਂ ਦਾ ਜ਼ਿਕਰ ਕੀਤਾ, ਉੱਥੇ ਗੁਰੂ ਨਾਨਕ ਦੇ ਉਸ ਕਰਤਾਰਪੁਰੀ ਮਾਡਲ ਦੀ ਵੀ ਗੱਲ ਕੀਤੀ ਜਿਸਦੀ ਅੱਜ ਦੇ ਪਦਾਰਥਵਾਦੀ ਅਤੇ ਸੰਕਟ ਵਾਲੇ ਸਮੇਂ ’ਚ ਬਹੁਧਾ ਲੋੜ ਹੈ। ਕਾਦਰ ਤੇ ਕੁਦਰਤ ਨਾਲ ਜੁੜਨ ਦਾ ਸੰਦੇਸ਼ ਦਿੰਦਾ ਇਹ ਮਾਡਲ ਕਿਰਤ ਕਰੋ ਤੇ ਵੰਡ ਛਕੋ ਦਾ ਸਮਾਜਕ ਸੰਦੇਸ਼ ਵੀ ਦਿੰਦਾ ਹੈ ਤੇ ਇਹ ਉਹੀ ਸੰਦੇਸ਼ ਹੈ ਜਿਸਦਾ ਨਿਭਾਓ ਭਾਈ ਸਾਹਿਬ ਦੀਆਂ ਤਮਾਮ ਲਿਖਤਾਂ ’ਚ ਸਾਨੂੰ ਮਿਲਦਾ ਹੈ। ਅਖ਼ੀਰ ’ਚ ਅਨੰਦ ਸਾਹਿਬ ਦੇ ਪਾਠ, ਅਰਦਾਸ ਤੇ ਨਾਮ-ਸਿਮਰਨ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ। ❖

# ਭਾਈ ਵੀਰ ਸਿੰਘ : ਬਹੁਪੱਖੀ ਸ਼ਖ਼ਸੀਅਤ

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਵਲੋਂ ਭਾਈ ਵੀਰ ਸਿੰਘ ਦੀ 64ਵੀਂ ਬਰਸੀ ਤੇ ਆਯੋਜਿਤ ਵੈਬੀਨਾਰ ’ਚ ਵੱਖ ਵੱਖ ਵਿਦਵਾਨਾਂ ਵਲੋਂ ਭਾਈ ਸਾਹਿਬ ਬਾਰੇ ਵਿਚਾਰ ਸਾਂਝੇ ਕੀਤੇ ਗਏ। ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਸਾਬਕਾ ਪ੍ਰਧਾਨ ਸ. ਸੁਖਦੇਵ ਸਿੰਘ ਸਿਰਸਾ ਨੇ ਆਪਣੇ ਭਾਸ਼ਣ ’ਚ ਭਾਈ ਵੀਰ ਸਿੰਘ ਬਾਰੇ ਸਿਰਜੀਆਂ ਗਈਆਂ ਭ੍ਰਾਂਤੀਆਂ ਦਾ ਖੰਡਨ ਕਰਦਿਆਂ ਉਹਨਾਂ ਦੀ ਦੇਣ ਨੂੰ ਪਦਾਰਥ ਤੇ ਪਰਮਾਰਥ ਦੇ ਸੰਯੋਗ ’ਚ ਉਜਾਗਰ ਕੀਤਾ। ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ. ਰਵੇਲ ਸਿੰਘ ਨੇ ਆਪਣੇ ਸੰਬੋਧਨ ’ਚ ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਨੂੰ ਉਹਨਾਂ ਦੀ ਸਾਹਿਤਕ ਦੇਣ ’ਚੋਂ ਪਛਾਨਣ ਦੀ ਗੱਲ ਕਹੀ। ਉਨ੍ਹਾਂ ਅਨੁਸਾਰ ਅੱਜ ਸਾਨੂੰ ਪ੍ਰਸੰਸਾ ਤੇ ਨਿਖੇਧਮੂਲਕ ਦੋਵੇਂ ਬਿਰਤੀਆਂ ਤੋਂ ਉੱਪਰ ਉੱਠ ਕੇ ਉਹਨਾਂ ਰਾਹੀਂ ਸਿਰਜਿਤ ਪਾਠ ਨੂੰ ਆਧਾਰ ਬਣਾ ਕੇ ਸਮਝਣ ਤੇ ਘੋਖਣ ਦੀ ਲੋੜ ਹੈ। ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਪੰਜਾਬੀ ਵਿਭਾਗ ਦੀ ਸਾਬਕਾ ਪ੍ਰੋਫੈਸਰ ਡਾ. ਵਨੀਤਾ ਨੇ ਕਿਹਾ ਭਾਈ ਵੀਰ ਸਿੰਘ ਨੂੰ ਅੱਜ ਲਾਇਬ੍ਰੇਰੀ ’ਚੋਂ ਬਾਹਰ ਲਿਆ ਕੇ ਆਮ ਲੋਕਾਂ ਤੱਕ ਪਹੁੰਚਾਉਣ ਦੀ ਲੋੜ ਹੈ। ਉਹਨਾਂ ਅਨੁਸਾਰ ਉਹਨਾਂ ਦੇ ਇਸਤ੍ਰੀ ਪਾਤਰਾਂ ਨੂੰ ਆਧਾਰ ਬਣਾ ਕੇ ਲਿਖੇ ਗਏ ਨਾਵਲ ਔਰਤ ਸਸ਼ਕਤੀਕਰਨ ਦੀਆਂ ਆਪਣੇ ਸਮੇਂ ’ਚ ਪ੍ਰਬਲ ਮਿਸਾਲਾਂ ਹਨ। ਗੁਰਦੁਆਰਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਡਾ. ਐਸ. ਪੀ. ਸਿੰਘ ਨੇ ਭਾਈ ਸਾਹਿਬ ਰਾਹੀਂ ਆਪਣੇ ਸਮੇਂ ’ਚ ਕੀਤੇ ਬਹੁ-ਪੱਖੀ ਕਾਰਜਾਂ ਦਾ ਜ਼ਿਕਰ ਕਰਦਿਆਂ ਕਿਹਾ ਅੱਜ ਸਾਨੂੰ ਗੱਲਾਂ-ਬਾਤਾਂ ਦੀ ਬਜਾਇ ਸਾਰਥਕ ਉਦਮ ਕਰਨ ਦੀ ਲੋੜ ਹੈ। ਇਸੇ ਲੜੀ ’ਚ ਸ. ਅਰਵਿੰਦਰ ਸਿੰਘ ਅਤੇ ਡਾ. ਭੁਪਿੰਦਰ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਉਪਰੰਤ ਭਾਈ ਵੀਰ ਸਿੰਘ ਸਹਿਤ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਪਾਵਰ ਪੁਆਇੰਟ ਪੇਸ਼ਕਾਰੀ ਰਾਹੀਂ ਤਤਕਾਲੀ ਸਮੇਂ ਦੀ ਪਿੱਠਭੂਮੀ ’ਚੋਂ ਭਾਈ ਵੀਰ ਸਿੰਘ ਦੀ ਵਡਮੁੱਲੀ ਦੇਣ ਨੂੰ ਉਜਾਗਰ ਕੀਤਾ। ਉਹਨਾਂ ਅਨੁਸਾਰ, ਭਾਈ ਵੀਰ ਸਿੰਘ ਜਿਨ੍ਹਾਂ ਜੀਵਨ ਦੇ ਹਰ ਪੱਖ ਤੇ ਲਿਖਿਆ, ਅੱਜ ਲੋੜ ਹੈ ਅਸੀਂ ਉਹਨਾਂ ਦੇ ਇਸ ਵਿਆਪਕ ਦ੍ਰਿਸ਼ਟੀਕੋਣ ਨੂੰ ਅੱਗੇ ਲੈ ਕੇ ਆਈਏ। ਅਖੀਰ ’ਚ ਡਾ. ਅਰਵਿੰਦਰ ਸਿੰਘ ਭੱਲਾ ਨੇ ਸਭ ਬੁਲਾਰਿਆਂ ਦਾ ਧੰਨਵਾਦ ਕੀਤਾ। ਡਾ. ਤਜਿੰਦਰ ਕੌਰ ਨੇ ਇਸ ਪ੍ਰੋਗਰਾਮ ਦਾ ਬਾਖ਼ੂਬੀ ਸੰਚਾਲਨ ਕੀਤਾ। ❖ ❖ ❖ ❖

੧ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੮੧, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੪੯}

[ਵਡਹੰਸੁ ਮਹਲਾ ੧, ਅਲਾਹਣੀ-੫]

**ਮੂਲ**

ਵਡਹੰਸੁ ਮਹਲਾ ੧॥ ਬਾਬਾ ਆਇਆ ਹੈ ਉਠਿ ਚਲਣਾ ਇਹੁ ਜਗੁ ਝੂਠੁ ਪਸਾਰੋਵਾ॥ ਸਚਾ ਘਰੁ ਸਚੜੈ ਸੇਵੀਐ ਸਚੁ ਖਰਾ ਸਚਿਆਰੋਵਾ॥ ਕੂੜਿ ਲਬਿ ਜਾਂ ਥਾਇ ਨ ਪਾਸੀ ਅਗੈ ਲਹੈ ਨ ਠਾਓ॥ ਅੰਤਰਿ ਆਉ ਨ ਬੈਸਹੁ ਕਹੀਐ ਜਿਉ ਸੁੰਞੈ ਘਰਿ ਕਾਓ॥ ਜੰਮਣੁ ਮਰਣੁ ਵਡਾ ਵੇਛੋੜਾ ਬਿਨਸੈ ਜਗੁ ਸਬਾਏ॥ ਲਬਿ ਧੰਧੈ ਮਾਇਆ ਜਗਤੁ ਭੁਲਾਇਆ ਕਾਲੁ ਖੜਾ ਰੂਆਏ॥੧॥

ਬਾਬਾ ਆਵਹੁ ਭਾਈਹੋ ਗਲਿ ਮਿਲਹ ਮਿਲਿ ਮਿਲਿ ਦੇਹ ਆਸੀਸਾ ਹੇ॥ ਬਾਬਾ ਸਚੜਾ ਮੇਲੁ ਨ ਚੁਕਈ ਪ੍ਰੀਤਮ ਕੀਆ ਦੇਹ ਅਸੀਸਾ ਹੇ॥ ਆਸੀਸਾ ਦੇਵਹੋ ਭਗਤਿ ਕਰੇਵਹੋ ਮਿਲਿਆ ਕਾ ਕਿਆ ਮੇਲੋ॥ ਇਕਿ ਭੂਲੇ ਨਾਵਹੁ ਥੇਹਹੁ ਥਾਵਹੁ ਗੁਰ ਸਬਦੀ ਸਚੁ ਖੇਲੋ॥ ਜਮ ਮਾਰਗਿ ਨਹੀ ਜਾਣਾ ਸਬਦਿ ਸਮਾਣਾ ਜੁਗਿ ਜੁਗਿ ਸਾਚੈ ਵੇਸੇ॥ ਸਾਜਨ ਸੈਣ ਮਿਲਹੁ ਸੰਜੋਗੀ ਗੁਰ ਮਿਲਿ ਖੋਲੇ ਫਾਸੇ॥੨॥

ਬਾਬਾ ਨਾਂਗੜਾ ਆਇਆ ਜਗ ਮਹਿ ਦੁਖੁ ਸੁਖੁ ਲੇਖੁ ਲਿਖਾਇਆ॥ ਲਿਖਿਅੜਾ ਸਾਹਾ ਨਾ ਟਲੈ ਜੇਹੜਾ ਪੁਰਬਿ ਕਮਾਇਆ॥ ਬਹਿ ਸਾਚੈ ਲਿਖਿਆ ਅੰਮ੍ਰਿਤੁ ਬਿਖਿਆ ਜਿਤੁ ਲਾਇਆ ਤਿਤੁ ਲਾਗਾ॥ ਕਾਮਣਿਆਰੀ ਕਾਮਣ ਪਾਏ ਬਹੁ ਰੰਗੀ ਗਲਿ ਤਾਗਾ॥ ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ ਮਖੀ ਖਾਇਆ॥ ਨਾ ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ॥੩॥

ਬਾਬਾ ਰੋਵਹੁ ਜੇ ਕਿਸੈ ਰੋਵਣਾ ਜਾਨੀਅੜਾ ਬੰਧਿ ਪਠਾਇਆ ਹੈ॥ ਲਿਖਿਅੜਾ ਲੇਖੁ ਨ ਮੇਟੀਐ ਦਰਿ ਹਾਕਾਰੜਾ ਆਇਆ ਹੈ॥ ਹਾਕਾਰਾ ਆਇਆ ਜਾ ਤਿਸੁ ਭਾਇਆ ਰੁੰਨੇ ਰੋਵਣਹਾਰੇ॥ ਪੁਤ ਭਾਈ ਭਾਤੀਜੇ ਰੋਵਹਿ ਪ੍ਰੀਤਮ ਅਤਿ ਪਿਆਰੇ॥ ਭੈ ਰੋਵੈ ਗੁਣ ਸਾਰਿ ਸਮਾਲੇ ਕੋ ਮਰੈ ਨ ਮੁਇਆ ਨਾਲੇ॥ ਨਾਨਕ ਜੁਗਿ ਜੁਗਿ ਜਾਣ ਸਿਜਾਣਾ ਰੋਵਹਿ ਸਚੁ ਸਮਾਲੇ॥੪॥੫॥

**ਅਰਥ**

ਹੇ ਬਾਬਾ! (ਜੋ ਕੋਈ ਏਥੇ) ਆਇਆ ਹੈ (ਉਸ ਏਥੋਂ) ਉੱਠ ਚੱਲਣਾ ਹੈ, ਇਹ ਜਗਤ ਝੂਠ ਦਾ ਫੈਲਾਉ ਹੈ। (ਪਰ) ਸੱਚਾ ਘਰ ਸੱਚੇ (ਵਾਹਿਗੁਰੂ) ਨੂੰ ਸੇਵਨ ਨਾਲ (ਮਿਲਦਾ ਹੈ) ਤੇ 'ਨਿਰੋਲ ਸੱਚ' ਸਚਿਆਰ ਹੋਇਆਂ (ਮਿਲਦਾ) ਹੈ। ਕੂੜ ਵਿਚ (ਤੇ) ਲੋਭ ਵਿਚ (ਰਿਹਾਂ) ਜਦ (ਏਥੇ ਸੱਚ ਵਿਚ) ਟਿਕਾਣਾ ਨਾ ਪਾ ਲਏਗਾ (ਤਾਂ) ਅਗੇ ਗਿਆਂ ਬੀ ਠਿਕਾਣਾ ਨਹੀਂ ਪਾਏਗਾ। (ਓਥੇ ਓਨ੍ਹਾਂ ਨੂੰ) ਅੰਦਰੋਂ (ਕੋਈ) ਨਾ ਕਹੇਗਾ ਆਓ, (ਲੰਘ ਆਓ) ਬੈਠੋ, ਜਿਵੇਂ ਕਿ ਸੁੰਞੇ ਘਰ ਵਿਚ ਕਾਂ ਨੂੰ (ਖਾਲੀ ਮੁੜਨਾ ਪੈਂਦਾ ਹੈ)। ਜੰਮਣਾ ਤੇ ਮਰਣਾ ਵੱਡਾ ਵਿਛੋੜਾ ਹੈ, ਸਾਰਾ ਜਗ (ਏਸੇ ਦੁੱਖ ਵਿਚ) ਨਾਸ਼ ਹੋ ਰਿਹਾ ਹੈ। ਮਾਇਆ ਦੇ ਲੋਭ (ਵਿਚ ਉਸ ਮਾਇਆ ਦੀ ਪ੍ਰਾਪਤੀ ਲਈ ਕੀਤੇ) ਧੰਦਿਆਂ ਵਿਚ ਜਗਤ ਭੁੱਲਿਆ ਹੋਇਆ ਹੈ, (ਸਿਰ ਤੇ) ਕਾਲ ਖੜਾ ਰੁਆ ਰਿਹਾ ਹੈ॥੧॥

ਹੇ ਬਾਬਾ! ਹੇ ਭਰਾਵੋ! ਆਓ, ਗਲੇ ਲੱਗਕੇ ਮਿਲੀਏ ਤੇ ਮਿਲ ਮਿਲਕੇ ਅਸੀਸਾਂ ਦੇਵੀਏ। (ਹਾਂ) ਬਾਬਾ! ਪ੍ਰੀਤਮ (ਦੇ ਮੇਲ) ਦੀਆਂ ਅਸੀਸਾਂ ਦਿਓ, (ਪ੍ਰੀਤਮ ਦਾ ਮੇਲ ਸੱਚਾ ਮੇਲ ਹੈ ਤੇ) ਸੱਚਾ ਮੇਲ ਕਦੇ ਮੁੱਕਦਾ ਨਹੀਂ। ਅਸੀਸਾਂ ਦਿਓ, ਭਗਤੀ ਕਰੋ ਕਰਾਓ: (ਪਰ ਸੋਚ ਲੈਣਾ ਕਿ ਅਗੇ ਹੀ) ਮਿਲਿਆਂ ਹੋਇਆਂ ਦਾ (ਹੋਰ) ਕੀਹ ਮੇਲੋਗੇ। (ਹਾਂ, ਮੇਲੋ ਉਹਨਾਂ ਨੂੰ ਜੋ) ਇਕ (ਐਸੇ ਹਨ ਕਿ) ਨਾਮ ਤੋਂ ਭੁੱਲੇ ਹੋਏ ਹਨ (ਜੋ ਏਥੋਂ ਦੇ ਥੇਹ ਭਾਵ) ਸਤਿਸੰਗ ਤੋਂ (ਤੇ ਅਗੇ ਦੇ ਥਾਵਹੁ=) ਵਾਹਿਗੁਰੂ ਸਰੂਪ ਤੋਂ ਭੁੱਲੇ ਹੋਏ ਹਨ (ਉਨ੍ਹਾਂ ਨੂੰ ਅਸੀਸਾਂ ਦਿਓ ਕਿ ਹੇ ਭਾਈ! ਹੁਣ) ਗੁਰੂ ਦੇ ਉਪਦੇਸ਼ ਦੁਆਰਾ ਸੱਚ ਨੂੰ ਖੇਲੋ। (ਤੁਸਾਂ) ਜਮ ਵਾਲੇ ਰਸਤੇ ਨਹੀਂ ਟੁਰਨਾ, ਸ਼ਬਦ ਵਿਚ ਸਮਾਏ ਰਹਿਣਾ ਹੈ, (ਫੇਰ ਤੁਸਾਂ) ਜੁਗੋ ਜੁਗ ਸੱਚੇ ਸਰੂਪ ਵਿਚ ਰਹਿਣਾ ਹੈ। (ਇਸ ਪ੍ਰਾਪਤੀ ਲਈ ਉਨ੍ਹਾਂ) ਸਜਣਾਂ ਤੇ ਸਾਕਾਂ ਨੂੰ ਮਿਲੋ, ਜਿਨ੍ਹਾਂ ਨੇ ਗੁਰਾਂ ਨਾਲ ਮਿਲਕੇ (ਮੋਹ ਮਾਯਾ ਦੇ) ਫਾਹੇ ਖੋਹਲ ਲਏ ਹਨ ਤੇ ਜੋੜਨਹਾਰ ਹਨ॥੨॥

ਹੇ ਬਾਬਾ! (ਜੀਵ) ਜਗਤ ਵਿਚ ਨੰਗਾ ਆਉਂਦਾ ਹੈ, (ਪਰ) ਦੁਖ ਸੁਖ ਦਾ ਲੇਖ ਲਿਖਾਇਆ ਹੋਇਆ (ਨਾਲ ਲੈਕੇ ਆਉਂਦਾ) ਹੈ। (ਸਾਹਾ=) ਸ਼ਾਹ ਦਾ ਲਿਖਿਆ ਟਲਦਾ ਨਹੀਂ ਜਿਹੜਾ (ਕਿ ਉਸ ਦੇ) ਪੂਰਬਲੇ ਕਮਾਏ (ਅਨੁਸਾਰ ਲਿਖਿਆ ਗਿਆ) ਸੀ। (ਹਾਂ) ਸੱਚੇ (ਵਾਹਿਗੁਰੂ) ਨੇ ਦੁੱਖ ਤੇ ਸੁੱਖ (ਜੋ) ਬੈਠਕੇ ਲਿਖਿਆ ਸੀ (ਉਸ ਅਨੁਸਾਰ ਜੀਵ) ਜਿਧਰ ਲਾਇਆ ਗਿਆ ਓਧਰੇ ਲਗਦਾ ਹੈ। (ਉਤੋਂ) ਜਾਦੂਗਰਨੀ (ਮਾਇਆ) ਨੇ ਜਾਦੂ ਪਾਏ ਹੋਏ ਹਨ (ਅਰਥਾਤ ਮੋਹ ਰੂਪੀ) ਬਹੁਤੇ ਰੰਗਾਂ ਦਾ (ਜਾਦੂ ਵਾਲਾ) ਧਾਗਾ (ਇਸ ਦੇ) ਗਲੇ (ਪਾ ਦਿੱਤਾ) ਹੈ। (ਇਸ ਕਰਕੇ ਇਸ ਦੀ) ਬੁਧੀ ਬੀ ਹੋਛੀ ਹੈ ਤੇ ਮਨ ਬੀ ਹੋਛਾ ਹੋ ਗਿਆ ਹੈ, (ਇਹ ਮਾਯਕ ਰਸਾਂ ਨੂੰ ਇਉਂ ਖਾਂਦਾ ਹੈ) ਜਿਵੇਂ ਗੁੜ ਨੂੰ ਮੱਖੀ ਖਾਂਦੀ ਹੈ। (ਸੋ ਮਾਯਾ ਮੋਹਿਆ ਜੀਵ) ਕਲਿਜੁਗ ਵਿਚ (ਮਰਯਾਦਾ ਹੀਨ) ਨੰਗਾ ਹੀ ਆਉਂਦਾ ਹੈ, ਨੰਗਾ ਹੀ ਬੰਨ੍ਹਕੇ ਤੋਰ ਦਿਤਾ ਜਾਂਦਾ ਹੈ॥੩॥

(ਇਹ ਕੁਛ ਵੀਚਾਰਕੇ) ਹੇ ਬਾਬਾ! ਜੇ (ਕਿਸੇ ਨੇ ਅਜੇ ਬੀ ਮਰੇ ਨੂੰ ਰੋਣਾ ਹੈ ਤਾਂ) ਪਏ ਰੋਵੇ, (ਤੁਹਾਡੇ) ਪਿਆਰੇ ਨੂੰ ਤਾਂ ਬੰਨ੍ਹਕੇ ਟੋਰ ਹੀ ਦਿਤਾ ਗਿਆ ਹੈ। (ਇਹ) ਸੱਦਾ ਦਰਗਾਹ ਤੋਂ ਆਯਾ ਹੈ, (ਉਥੋਂ ਦਾ) ਲਿਖਿਆ ਲੇਖ ਮੇਟਿਆ ਨਹੀਂ ਜਾ ਸਕਦਾ, (ਕਿਉਂਕਿ ਇਹ) ਸੱਦਾ (ਤਦੋਂ) ਆਇਆ ਜਦੋਂ ਉਸ (ਪ੍ਰਭੂ) ਨੂੰ ਭਾਇਆ ਹੈ, (ਤਦੋਂ) ਹੀ ਰੋਣ ਵਾਲੇ ਰੋਏ। ਪੁਤ੍ਰ, ਭਰਾ, ਭਤੀਜੇ ਤੇ ਅਤਿ ਪਜਾਰੇ ਮਿਤ੍ਰ (ਸਾਰੇ) ਰੋਂਦੇ ਹਨ। (ਪਰ ਸੋਚਕੇ ਦੇਖੋ ਕਿ) ਮਰ ਗਿਆਂ ਨਾਲ ਕੋਈ ਮਰ ਨਹੀਂ ਜਾਂਦਾ, (ਸੋ ਰੋਣ ਦਾ ਕੀ ਲਾਭ? ਹਾਂ ਪਰਮੇਸ਼ੁਰ ਦੇ) ਭੈ ਵਿਚ (ਉਸ ਦੇ) ਗੁਣਾਂ ਨੂੰ, ਯਾਦ ਨੂੰ, ਸੰਭਾਲੇ ਤੇ ਰੋਵੇ। ਹੇ ਨਾਨਕ! ਜੋ ਸੱਚ ਨੂੰ ਸੰਭਾਲਕੇ ਰੋਂਦਾ ਹੈ ਉਹ ਜੁਗੋ ਜੁਗ ਸਿਆਣਾ ਜਾਣਿਆ ਜਾਂਦਾ ਹੈ॥੪॥੫॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]


# ਝਲਕੀਆਂ : ਸਚਖੰਡ ਪਿਆਨਾ ਦਿਵਸ, ਜੂਨ 2021



ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀ ਤੰਤੀ ਸਾਜ਼ਾਂ ਨਾਲ ਸ਼ਬਦ ਕੀਰਤਨ ਕਰਦੇ ਹੋਏ।




ਰਾਗੀ ਭਾਈ ਭੁਪਿੰਦਰ ਸਿੰਘ ਅਤੇ ਸਾਥੀ ਅਕਾਲੀ ਬਾਣੀ ਦਾ ਮਨੋਹਰ ਕੀਰਤਨ ਕਰਦੇ ਹੋਏ।




ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਸਦਨ ਦੀਆਂ ਪ੍ਰਕਾਸ਼ਨਾਵਾਂ ਲੋਕ-ਅਰਪਣ ਕਰਦੇ ਹੋਏ।




ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਡਾ. ਜਸਵਿੰਦਰ ਸਿੰਘ ਭਾਈ ਸਾਹਿਬ ਨੂੰ ਸਾਹਿਤਕ ਸ਼ਰਧਾਂਜਲੀ ਦਿੰਦੇ ਹੋਏ।



ਸਰਦਾਰਨੀ ਤਜਿੰਦਰ ਕੌਰ ਧੀਰ **ਅਸ਼ਟ ਗੁਰ ਚਮਤਕਾਰ** ਭਾਗ-2 'ਚੋਂ "ਅਸ਼ਾਂਤੀ ਦੀ ਲਹਿਰ ਪਛਾੜ" ਸੰਦੇਸ਼ ਪੜ੍ਹਦੇ ਹੋਏ।



ਸਰਦਾਰਨੀ ਤਰਨਜੀਤ ਕੌਰ, ਤਮਨਪ੍ਰੀਤ ਕੌਰ ਅਤੇ ਗੁਰਮਿਹਰ ਕੌਰ ਭਾਈ ਸਾਹਿਬ ਦੀ ਕਵਿਤਾ "ਉੱਠ ਜਾਗ, ਜਾਗ ਬਹਿਜਾ" ਗਾਇਨ ਕਰਦੇ ਹੋਏ।